
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 31
November 9, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ 'ਦੇਸ਼ ਦੁਆਬਾ' ਦੇ ਪਾਠਕਾਂ, ਸਹਿਯੋਗੀਆਂ, ਪ੍ਰਸ਼ੰਸ਼ਕਾਂ ਅਤੇ ਦੇਸ਼-ਵਿਦੇਸ਼ ਵਿਚ ਵੱਸਦੀ ਨਾਨਕ ਨਾਮ ਲੇਵਾ ਕੁੱਲ ਲੋਕਾਈ ਨੂੰ ਲੱਖ-ਲੱਖ ਵਧਾਈਆਂ।

# ਡੋਨਾਲਡ ਟਰੰਪ ਬਣੇ ਅਮਰੀਕਾ ਦੇ 45ਵੇਂ ਰਾਸ਼ਟਰਪਤੀ

## ਹੁਣ ਸਮਾਂ ਆ ਗਿਆ ਹੈ ਕਿ ਸਾਰੇ ਇੱਕਜੁਟ ਹੋ ਜਾਣ- ਟਰੰਪ





**ਵਾਸ਼ਿੰਗਟਨ (ਬਿਊਰੋ)-** ਇਕ ਗੈਰ-ਸਿਆਸੀ ਵਿਰਾਸਤ ਨਾਲ ਸਬੰਧਤ ਸ੍ਰੀ ਡੋਨਾਲਡ ਟਰੰਪ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਬਣ ਗਏ ਹਨ। ਉਹਨਾਂ ਨੇ ਡੈਮੋਕ੍ਰੇਟਿਕ ਹਿਲੇਰੀ ਨੂੰ ਵੱਡੇ ਅੰਤਰ ਨਾਲ ਹਰਾਇਆ। ਅੱਜ ਆਏ ਨਤੀਜਿਆਂ ਮੁਤਾਬਕ ਸ੍ਰੀ ਡੋਨਾਲਡ ਟਰੰਪ ਨੂੰ 278 ਵੋਟਾਂ, ਜਦਕਿ ਬੀਬੀ ਹਿਲੇਰੀ ਕਲਿੰਟਨ ਨੂੰ 218 ਵੋਟਾਂ ਪ੍ਰਾਪਤ ਹੋਈਆਂ। ਅਮਰੀਕਾ ਦੀ ਇਹ ਚੋਣ ਕਈ ਪੱਖਾਂ ਤੋਂ ਦਿਲਚਸਪ ਹੈ। ਇਕ ਪਾਸੇ ਜਿੱਥੇ ਚੋਣ ਸਰਵੇਖਣ ਬੀਬੀ ਹਿਲੇਰੀ ਕਲਿੰਟਨ ਨੂੰ ਅੱਗੇ ਦਿਖਾ ਰਹੇ ਸਨ, ਉਥੇ ਹੀ ਇਸ ਵਾਰ ਦੀ ਚੋਣ ਵਿਚ ਦੋਵੇਂ ਉਮੀਦਵਾਰਾਂ ਨੇ ਇਕ ਦੂਜੇ ਨੂੰ ਰੱਜ ਕੇ ਭੰਡਿਆ।

ਜਿੱਤਣ ਤੋਂ ਬਾਅਦ ਆਪਣੇ ਪਹਿਲੇ ਸੰਬੋਧਨ ਵਿਚ ਸ੍ਰੀ ਡੋਨਾਲਡ ਟਰੰਪ ਨੇ ਕਿਹਾ ਕਿ ਤੁਹਾਡੇ ਸਾਰਿਆਂ ਦਾ ਸ਼ੁਕਰੀਆ, ਹਿਲੇਰੀ ਨੇ ਹੁਣੇ ਫੋਨ ਕਰਕੇ ਮੈਨੂੰ ਜਿੱਤ ਦੀ ਵਧਾਈ ਦਿੱਤੀ ਹੈ ਅਤੇ ਮੈਂ ਉਹਨਾਂ ਨੂੰ ਸ਼ਾਨਦਾਰ ਮੁਕਾਬਲੇ ਦੇ ਲਈ ਮੁਬਾਰਕਬਾਦ ਦਿੰਦਾ ਹਾਂ। ਉਹਨਾਂ ਨੇ ਇਸ ਚੋਣ ਵਿਚ ਬਹੁਤ ਸ਼ਾਨਦਾਰ ਮੁਕਾਬਲਾ ਕੀਤਾ ਹੈ ਅਤੇ ਉਹਨਾਂ ਦੀ ਤਜਰਬੇ ਸਾਡੇ ਲਈ ਕਾਫੀ ਮਦਦਗਾਰ ਸਾਬਤ ਹੋਣਗੇ। ਉਹਨਾਂ ਕਿਹਾ ਕਿ ਮੈਂ ਵਾਅਦਾ ਕਰਦਾ ਹਾਂ ਕਿ ਮੈਂ ਤੁਹਾਡੇ ਸਾਰਿਆਂ ਦਾ ਰਾਸ਼ਟਰਪਤੀ ਬਣਾਂਗੇ ਅਤੇ ਮੇਰੇ ਲਈ ਬੇਹੱਦ ਅਹਿਮ ਇਹ ਹੈ ਕਿ ਸਾਰਿਆਂ ਦਾ ਵਿਕਾਸ ਅਤੇ ਸਾਰਿਆਂ ਦੀ ਖੁਸ਼ਹਾਲੀ ਲਈ ਕੰਮ ਕਰਾਂ। ਸ੍ਰੀ ਟਰੰਪ ਨੇ ਕਿਹਾ ਕਿ ਸਾਡੇ ਕੋਲ ਬਹਤਰੀਨ ਆਰਥਿਕ ਯੋਜਨਾ ਹੈ, ਅਰਥ ਵਿਵਸਥਾ ਦਾ ਆਕਾਰ ਦੁੱਗਣਾ ਹੋਵੇਗਾ ਅਤੇ ਅਸੀਂ ਦੁਨੀਆਂ ਦੀ ਸਭ ਤੋਂ ਮਜ਼ਬੂਤ ਇਕਾਨਮੀ ਬਣਾਂਗੇ। ਨਾਲ ਹੀ ਅਸੀਂ ਦੁਨੀਆਂ ਦੇ ਉਹਨਾਂ ਸਾਰੇ ਮੁਲਕਾਂ ਨਾਲ ਮਜ਼ਬੂਤ ਰਿਸ਼ਤੇ ਬਣਾਵਾਂਗੇ, ਜੋ ਸਾਡੇ ਦੋਸਤ ਬਣਨਾ ਚਾਹੁੰਦੇ ਹਨ। ਨਵੇਂ ਰਾਸ਼ਟਰਪਤੀ ਨੇ ਕਿਹਾ ਹਰ ਅਮਰੀਕੀ ਨੂੰ ਆਪਣੀ ਕਾਬਲੀਅਤ ਦਾ ਪੂਰਾ ਇਸਤੇਮਾਲ ਕਰਨ ਦਾ ਮੌਕਾ ਮਿਲੇਗਾ।

# ਯੂਬਾ ਸਿਟੀ ਦੇ ਵਿਸ਼ਵ ਪ੍ਰਸਿੱਧ ਨਗਰ ਕੀਰਤਨ ਦੌਰਾਨ ਇਕ ਲੱਖ ਦੇ ਕਰੀਬ ਸੰਗਤਾਂ ਦੀ ਆਮਦ



## ਭਾਰੀ ਦਿਵਾਨ ਬੇਮਿਸਾਲ ਇਕੱਠ






**ਯੂਬਾ ਸਿਟੀ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਹਰ ਸਾਲ ਯੂਬਾ ਸਿਟੀ, ਕੈਲੀਫੋਰਨੀਆ ਵਿਖੇ ਪੂਰੇ ਜਾਹੋ ਜਲਾਅ ਨਾਲ ਕੱਢਿਆ ਜਾਣ ਵਾਲਾ ਵਿਸ਼ਵ ਪ੍ਰਸਿੱਧ ਨਗਰ ਕੀਰਤਨ ਜੋ ਯੂਬਾ ਸਿਟੀ ਦੇ ਸਿੱਖ ਟੈਂਪਲ ਵਿਖੇ ਕੱਢਿਆ ਗਿਆ, ਵਿਚ ਐਤਕਾਂ ਇਕ ਲੱਖ ਦੇ ਕਰੀਬ ਸੰਗਤਾਂ ਸ਼ਾਮਲ ਹੋਈਆਂ। ਗੁਰਤਾ ਗੱਦੀ ਦਿਵਸ ਸਬੰਧਤ ਕੱਢੇ ਜਾਂਦੇ ਇਸ ਨਗਰ ਕੀਰਤਨ ਵਿਚ ਐਤਕੀ ਕਈ ਸੁਧਾਰ ਹੋਏ ਦਿੱਸੇ ਤੇ ਸ਼ਾਂਤੀ ਨਾਲ ਸਾਰੇ


**(ਬਾਕੀ ਸਫਾ 19 ਤੇ, ਤਸਵੀਰਾਂ ਸਫਾ 2-3 ਤੇ)**




MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)



ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409
42820 Albrae St., Fremont, CA 94538





RIYA'S FASHION
9165 ELK GROVE FLORIN RD.
ELK GROVE CA 95624
Tel : 916-647-3708
Follow us on
RIYAFASHION16



SAROAY INVESTMENT REALTY
Ram Saroay Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121



Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation (Individual, Corporation & LLC) Payroll Services & Bookkeeping Services
* We are in this business since 1989. Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਯੂਬਾ ਸਿਟੀ ਦੇ ਵਿਸ਼ਵ ਪ੍ਰਸਿੱਧ ਨਗਰ ਕੀਰਤਨ ਦੌਰਾਨ ਇਕ ਲੱਖ ਦੇ ਕਰੀਬ ਸੰਗਤਾਂ ਦੀ ਆਮਦ











5 ਨਵੰਬਰ ਨੂੰ ਸਜਾਏ ਗਏ ਕੀਰਤਨ ਦਰਬਾਰ ਸਮੇਂ ਦੀਆਂ ਕੁਝ ਝਲਕੀਆਂ (ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)










6 ਨਵੰਬਰ ਨਗਰ ਕੀਰਤਨ ਦੀਆਂ ਕੁਝ ਝਲਕੀਆਂ








ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)



# ਯੂਬਾ ਸਿਟੀ ਦੇ ਵਿਸ਼ਵ ਪ੍ਰਸਿੱਧ ਨਗਰ ਕੀਰਤਨ ਦੌਰਾਨ ਇਕ ਲੱਖ ਦੇ ਕਰੀਬ ਸੰਗਤਾਂ ਦੀ ਆਮਦ



















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)





























# ਆਮ ਆਦਮੀ ਪਾਰਟੀ ਨੂੰ ਯੂਬਾ ਸਿਟੀ ਨਗਰ ਕੀਰਤਨ ਤੇ ਮਿਲਿਆ ਬੇਮਿਸਾਲ ਹੁੰਗਾਰਾ

**ਯੂਬਾ ਸਿਟੀ (ਕੈਲੇਫੋਰਨੀਆਂ) (ਬਿਊਰੋ) –** ਸਥਾਨਿਕ 37ਵੇਂ ਮਹਾਨ ਨਗਰ ਕੀਰਤਨ ਤੇ "ਆਪ" ਪਾਰਟੀ ਓਵਰਸੀਜ ਵਲੰਟੀਅਰਜ਼ ਟੀਮ ਵਲੋਂ ਪਾਰਟੀ ਨੀਤੀਆਂ ਤੋਂ ਪ੍ਰਵਾਸੀ ਪੰਜਾਬੀਆਂ ਨੂੰ ਜਾਣੂ ਕਰਵਾਉਣ ਲਈ ਇਕ ਜਬਰਦਸ਼ਤ ਮੁਹਿੰਮ ਦਾ ਅਗਾਜ਼ ਕੀਤਾ ਗਿਆ। ਜਿਸ ਵਿਚ ਪੂਰੇ ਅਮਰੀਕਾ ਤੋਂ ਵਲੰਟੀਅਰਾਂ ਨੇ ਸ਼ਿਰਕਤ ਕਰਕੇ ਕੈਲੇਫੋਰਨੀਆਂ ਦੀ ਧਰਤੀ ਤੇ ਇੱਕ ਨਵਾਂ ਮੀਲ ਪੱਥਰ ਗੱਡਿਆ। "ਆਪ" ਵਲੰਟੀਅਰ ਡਾਕਟਰ ਇਕਵਿੰਦਰ ਸਿੰਘ ਗਿੱਲ (ਬੇ ਏਰੀਆ) ਅਤੇ ਗੁਰਪਾਲ ਸਿੰਘ ਯੂਬਾ ਸਿਟੀ ਦੀ ਅਗਵਾਈ ਵਿਚ ਏਸ ਮਹਾਨ ਇਕੱਤਰਤਾ ਦੀ ਸੁਰੂਆਤ 3 ਨੰਬਵਰ ਦਿਨ ਵੀਰਵਾਰ ਨੂੰ ਹੋਈ ਅਤੇ 6 ਨੰਬਵਰ ਦਿਨ ਐਤਵਾਰ ਨੂੰ ਨਗਰ ਕੀਰਤਨ ਦੀ ਵਾਪਸੀ ਉਪਰੰਤ ਗੁਰਦਵਾਰਾ ਸਹਿਬ ਦੇ ਬਾਹਰ ਇਨਕਲਾਬ ਜਿੰਦਾਬਾਦ ਦੇ ਨਾਅਰਿਆ ਨਾਲ ਸਮਾਪਤੀ ਹੋਈ।

ਪੂਰੇ ਚਾਰ ਦਿਨ ਚੱਲੇ ਇਸ ਆਮ ਆਦਮੀ ਪਾਰਟੀ ਦੇ ਬੂਥ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਸੈਕਰਾਮੈਂਟੋ, ਯੂਬਾ ਸਿਟੀ, ਸਟਾਕਟਨ ਅਤੇ ਮੋਡਿਸਟੋ ਦੇ ਸਮੂਹ ਵਲੰਟੀਅਰਾਂ ਸਿਰ ਜਾਂਦਾ ਹੈ, ਜਿਨ੍ਹਾਂ ਨੇ ਦਿਨ ਰਾਤ ਇੱਕ ਕਰਕੇ ਇਸ ਕਾਰਜ ਨੂੰ ਨੇਪਰੇ ਚਾੜਿਆ। ਪੂਰੇ ਪ੍ਰੋਗ੍ਰਾਮ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਫਰਿਜ਼ਨੋ ਟੀਮ ਦੇ ਮੋਢੀ ਮੈਂਬਰ ਗੁਰਨੇਕ ਸਿੰਘ ਬਾਗੜੀ



ਸਟਾਕਟਨ ਟੀਮ ਦੇ ਬਲ ਬਹਾਦਰ ਅਤੇ ਬੇਕਰਸਫੀਲਡ ਚੈਪਟਰ ਦੇ ਅਜੀਤ ਸਿੰਘ ਭੱਠਲ ਦਾ ਵਿਸ਼ੇਸ਼ ਸਹਿਯੋਗ ਰਿਹਾ।

ਨਗਰ ਕੀਰਤਨ ਵਿੱਚ ਉਚੇਚੇ ਤੌਰ ਤੇ ਲਾਸ ਏਜਲਸ ਤੋਂ ਸ਼੍ਰੀਕਾਂਤ ਅਤੇ ਸਿਆਟਲ ਤੋਂ ਰਾਜ ਤੂਰ ਨੇ ਪਹੁੰਚਕੇ ਨਵੀਂ ਰੂਹ ਫੂਕੀ, ਇਸ ਤੋਂ ਇਲਾਵਾ ਨਿਊ ਜਰਸੀ ਤੋਂ ਸਤਵੀਰ ਬਰਾੜ ਅਤੇ ਬਲਜਿੰਦਰ ਸਿੰਘ ਨੇ ਆਪਣੀ ਹਾਜ਼ਰੀ ਲਗਵਾਈ।

ਔਰਤਾਂ ਵਾਸਤੇ ਵੱਖਰਾ ਬੂਥ ਲਗਾਇਆ ਗਿਆ ਸੀ, ਜਿਸ ਦੀ ਅਗਵਾਈ ਜਸਲੀਨ ਮਾਨ ਅਤੇ ਪੈਮ ਕੌਰ ਨੇ ਬਹੁਤ ਸੁਚੱਜੇ ਢੰਗ ਨਾ਼ਲ ਕੀਤੀ।

ਪਾਰਟੀ ਦੇ ਤੇਜ ਤਰਾਰ ਆਗੂ ਪ੍ਰਭਾਤ ਸ਼ਰਮਾ ਦੀ ਅਗਵਾਈ ਵਿਚ ਆਮ ਲੋਕਾਂ ਨੂੰ ਟੀ ਸ਼ਰਟਾਂ ਵੰਡੀਆਂ ਗਈਆਂ, ਜਿਸ ਨਾਲ ਆਮ ਆਦਮੀ ਪਾਰਟੀ ਦਾ ਰੰਗ ਪੂਰੇ ਨਗਰ ਕੀਰਤਨ ਵਿਚ ਦੇਖਣ ਨੂੰ ਮਿਲਿਆ। "ਆਪ" ਟੀਮ ਨੇ ਆਮ ਲੋਕਾਂ ਸਾਹ- ਮਣੇ ਤਿੰਨ ਪ੍ਰੋਗਰਾਮ ਰਖੇ, ਜਿਸ ਨੂੰ ਤਿੰਨ ਹਜ਼ਾਰ ਲੋਕਾਂ ਵਲੋਂ ਸਵਿਕਾਰ ਕੀਤਾ ਗਿਆ। ਪਹਿਲਾ ਕਾਲਿੰਗ- ਕੰਪੇਨ ਲਈ ਵਲੰਟੀਅਰ ਬਣਨ ਵਾਸਤੇ ਸ਼ਾਈਨ ਮੁਹਿੰਮ, ਜਿਸਦੀ ਅਗਵਾਈ ਅਮਰਜੀਤ ਸਿੰਘ ਨੇ ਕੀਤੀ। ਦੂਸਰਾ ਡੋਨੇਸ਼ਨ, ਤੀਸਰਾ ਪੰਜਾਬ ਮਿਸ਼ਨ ਰਾਹੀਂ ਆਪਣੇ ਹਲਕੇ ਨਾਲ ਜੁੜਨਾ, ਜਿਸ ਦੀ ਜੁੰਮੇਵਾਰੀ ਅੰਮ੍ਰਤਪਾਲ ਢਿੱਲੋ ਵੱਲੋਂ ਬਾਖੂਬੀ ਨਿਭਾਈ ਗਈ।

ਆਪ ਦੀ ਸੁਨਾਮੀ ਉਦੋਂ ਚਰਮ ਸੀਮਾ ਤੇ ਪਹੁੰਚ ਗਈ ਜਦੋਂ ਡਾਕਟਰ ਗਿੱਲ ਨੇ ਪੰਜਾਬ ਦੇ ਮਾੜੇ ਹਲਾਤਾਂ ਅਤੇ ਆਮ ਆਦਮੀ ਪਾਰਟੀ ਦੀਆਂ ਚੰਗੀਆਂ ਨੀਤੀਆਂ ਤੋਂ ਲੋਕਾਂ ਨੂੰ ਜਾਣੂ ਕਰਵਾਇਆ, ਇਸ ਮੌਕੇ ਤਿੰਨ ਹਜ਼ਾਰ ਲੋਕਾਂ ਨੇ "ਆਪ" ਵਿੱਚ ਸ਼ਾਮਲ ਹੋਣ ਲਈ ਆਪਣੇਂ ਨਾਮ ਲਿਖਵਾਏ, ਕਰੀਬ ਇਕ ਹਜ਼ਾਰ ਤੋਂ ਵੱਧ ਟੀ ਸ਼ਰਟਾਂ ਪਾ ਕੇ ਵਲੰਟੀਅਰਾਂ ਨੇ ਆਮ ਆਦਮੀ ਪਾਰਟੀ ਦੀ ਹੋਂਦ ਦਾ ਮੁਜਾਹਰਾ ਕੀਤਾ। ਖਾਲਸਾਈ ਰੰਗ ਵਿੱਚ ਰੰਗੇ ਇਸ ਮਹਾਨ ਨਗਰ ਕੀਰਤਨ ਨੂੰ ਦੁਨੀਆਂ ਪੱਧਰ ਦੇ ਮੀਡੀਏ ਨੇ ਪੂਰੀ ਦੁਨੀਆਂ ਵਿੱਚ ਪ੍ਰਸਾਰਿਤ ਕੀਤਾ। ਨਗਰ ਕੀਰਤਨ ਦੌਰਾਨ ਆਮ ਆਦਮੀ ਪਾਰਟੀ ਦੇ ਇਸ ਪੂਰੇ ਪ੍ਰੋਗ੍ਰਾਮ ਨੂੰ ਕੈਮਰਾਬੰਧ ਰਾਜ ਬਡਵਾਲ ਜੀ ਨੇ ਕੀਤਾ, ਅਖੀਰ ਅਮਿੱਟ ਪੈੜਾਂ ਛੱਡਦਾ ਇਹ ਨਗਰ ਕੀਰਤਨ ਯਾਦਗਾਰੀ ਹੋ ਨਿਬੜਿਆ।

# ਕਰੱਦਰਜ਼ ਗੁਰੂ ਘਰ ਵਿਖੇ ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਪੁਰਬ ਨੂੰ ਸਮਰਪਿਤ ਸਮਾਗਮ 12 ਤੇ13 ਨਵੰਬਰ ਨੂੰ

**ਕਰੱਦਰਜ਼ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਸਿੱਖ ਕੌਂਸਲ ਆਫ਼ ਸੈਂਟਰਲ ਕੈਲੇਫੋਰਨੀਆਂ ਵੱਲੋਂ ਸਥਾਨਿਕ ਗੁਰਦੁਆਰਾ ਪੈਸੇਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ ਵਿੱਖੇ ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਪੁਰਬ ਨੂੰ ਸਮਰਪਿਤ ਦੋ ਦਿਨਾਂ ਗੁਰਮਤਿ ਸਮਾਗਮ 12 ਤੇ13 ਨਵੰਬਰ ਨੂੰ ਮਨਾਏ ਜਾ ਰਹੇ ਹਨ। ਇਹਨਾਂ ਸਮਾਗਮਾਂ ਵਿੱਚ ਉਚੇਚੇ ਤੌਰ ਤੇ ਪ੍ਰੋ. ਬਲਜਿੰਦਰ ਸਿੰਘ ਚੀਮਾਂ ਕਨੇਡਾ ਤੋਂ ਪਹੁੰਚ ਰਹੇ ਹਨ। ਪ੍ਰੋ. ਚੀਮਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਇਹਨਾਂ ਸਮਾਗਮਾਂ ਦਾ ਮੁੱਖ ਉਦੇਸ਼ ਸਾਡੀ ਨਵੀਂ ਪੀੜ੍ਹੀ ਨੂੰ ਗੁਰੂ ਉਪਦੇਸ਼ ਤੋਂ ਜਾਣੂ ਕਰਵਾਉਣਾ ਹੈ। 11 ਨਵੰਬਰ ਨੂੰ ਸਵੇਰੇ ਦਸ ਵਜੇ ਸ਼੍ਰੀ ਅਖੰਡ ਪਾਠ ਸਹਿਬ ਅਰੰਭੇ ਜਾਣਗੇ। 12 ਨਵੰਬਰ ਦਿਨ ਸ਼ਨੀਵਾਰ ਸ਼ਾਮੀ 5.30 ਵਜੇ ਯੂਥ ਦਰਾਬਰ ਇੰਗਲਸ ਵਿੱਚ ਹੋਵੇਗਾ ਜਿਸ ਵਿੱਚ ਰਹਿਰਾਸ ਅਤੇ ਕੀਰਤਨ ਤੋਂ ਉਪਰੰਤ ਸੁਆਲ ਜਵਾਬ ਹੋਣਗੇ ਅਤੇ ਪ੍ਰੋ. ਬਲਜਿੰਦਰ ਸਿੰਘ ਨੌਜਵਾਨ ਵਰਗ ਦੇ ਰੂਬਰੂ ਹੋਣਗੇ। ਅਰਦਾਸ ਉਪਰੰਤ ਪੀਜੇ ਦਾ ਲੰਗਰ ਅਤੁੱਟ ਵਰਤੇਗਾ। 13 ਨਵੰਬਰ ਦਿਨ ਐਂਤਵਾਰ ਸਵੇਰੇ ਦਸ ਵਜੇ ਅਖੰਠ ਪਾਠ ਸਹਿਬ ਦੇ ਭੋਗ ਪੈਂਣ ਉਪਰੰਤ ਕੀਰਤਨ ਹੋਵੇਗਾ। ਮਹਿਮਾਨ ਸਪੀਕਰ ਜੈਦੀਪ ਸਿੰਘ ਸੰਗਤਾਂ ਨੂੰ ਸੰਬੋਧਨ ਕਰਨਗੇ। ਇਸ ਪਿੱਛੋਂ ਪ੍ਰੋ. ਬਲਜਿੰਦਰ ਸਿੰਘ ਚੀਮਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਅਤੇ ਸਧਾਂ ਨਾਲ ਸੰਵਾਦ ਸਬੰਧੀ ਚਰਚਾ ਕਰਨਗੇ ਤੇ ਦਿੱਲੀ ਸਿੱਖ ਕਤਲੇਆਂਮ ਬਾਰੇ ਨਵੀਂ ਪੀੜ੍ਹੀ ਨੂੰ ਚਾਨਣਾ ਪਾਉਣਗੇ। ਇਹਨਾਂ ਦੀਵਾਨਾ ਦੌਰਾਨ ਭਾਈ ਸੁਰਜਣ ਸਿੰਘ ਬੱਲ ਕਥਾ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।








ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਪਿਛਲੇ ਦਿਨੀਂ ਕਰਵਾਏ ਗਏ ਪ੍ਰੋਗ੍ਰਾਮ ਦੌਰਾਨ ਸਨਮਾਨ ਪੱਤਰ ਵੰਡ ਸਮਾਰੋਹ ਦੀਆਂ ਕੁਝ ਯਾਦਗਾਰੀ ਤਸਵੀਰਾਂ। (ਤਸਵੀਰਾਂ - ਦੇਸ਼ ਦੁਆਬਾ)







# ਭਾਰਤ ਵਿਚ ਪੰਜ ਸੌ ਤੇ ਹਜ਼ਾਰ ਰੁਪਏ ਦੇ ਨੋਟ ਅੱਜ ਤੋਂ ਬੰਦ

**ਨਵੀਂ ਦਿੱਲੀ–** ਦੇਸ਼ ਨੂੰ ਅਚੰਭੇ ’ਚ ਪਾਉਂਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 500 ਅਤੇ 1000 ਰੁਪਏ ਦੇ ਨੋਟਾਂ ਨੂੰ ਅੱਜ ਅੱਧੀ ਰਾਤ ਤੋਂ ਬੰਦ ਕਰਨ ਦਾ ਐਲਾਨ ਕਰ ਦਿੱਤਾ। ਕਾਲੇ ਧਨ, ਫਰਜ਼ੀ ਕਰੰਸੀ ਅਤੇ ਭ੍ਰਿਸ਼ਟਾਚਾਰ ਖ਼ਿਲਾਫ਼ ਇਹ ਜ਼ੋਰਦਾਰ ਹਮਲਾ ਕੀਤਾ ਗਿਆ ਹੈ। ਟੈਲੀਵਿਜ਼ਨ ’ਤੇ ਕੌਮ ਦੇ ਨਾਮ ਆਪਣੇ ਪਹਿਲੇ ਸੰਬੋਧਨ ਦੌਰਾਨ ਸ੍ਰੀ ਮੋਦੀ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਕੋਲ 500 ਅਤੇ 1000 ਰੁਪਏ ਦੇ ਨੋਟ ਹਨ, ਉਹ ਆਪਣੇ ਬੈਂਕਾਂ ਅਤੇ ਡਾਕਖਾਨਿਆਂ ਦੇ ਖ਼ਾਤਿਆਂ ’ਚ 10 ਨਵੰਬਰ ਤੋਂ 30 ਦਸੰਬਰ ਤੱਕ ਇਹ ਕਰੰਸੀ ਜਮ੍ਹਾਂ ਕਰਵਾ ਸਕਦੇ ਹਨ।

ਕਰੀਬ 40 ਮਿੰਟਾਂ ਦੇ ਆਪਣੇ ਸੰਬੋਧਨ, ਪਹਿਲਾਂ ਹਿੰਦੀ ਅਤੇ ਬਾਅਦ ’ਚ ਅੰਗਰੇਜ਼ੀ ਵਿੱਚ, ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਅੱਧੀ ਰਾਤ ਤੋਂ ਬਾਅਦ 500 ਅਤੇ 1000 ਰੁਪਏ ਦੇ ਨੋਟ ਰੱਦੀ ਹੋ ਗਏ ਹਨ। ਉਂਜ ਉਨ੍ਹਾਂ ਕਿਹਾ ਕਿ 100, 50, 20, 10, 5, 2 ਅਤੇ ਇਕ ਰੁਪਏ ਦੇ ਨੋਟ ਅਤੇ ਸਾਰੇ ਸਿੱਕੇ ਪਹਿਲਾਂ ਵਾਂਗ ਚੱਲਦੇ ਰਹਿਣਗੇ। ਉਨ੍ਹਾਂ 500 ਅਤੇ 2000 ਰੁਪਏ ਦੇ ਨਵੇਂ ਨੋਟ ਸ਼ੁਰੂ ਕਰਨ ਦਾ ਵੀ ਐਲਾਨ ਕੀਤਾ। ਹੁਣ ਏਟੀਐਮ ’ਚੋਂ 2 ਹਜ਼ਾਰ ਰੁਪਏ ਰੋਜ਼ਾਨਾ ਕਢਵਾਏ ਜਾ ਸਕਣਗੇ ਅਤੇ ਬੈਂਕ ਖ਼ਾਤਿਆਂ ’ਚੋਂ ਇਕ ਦਿਨ ’ਚ 10 ਹਜ਼ਾਰ ਰੁਪਏ ਤਕ ਅਤੇ ਹਫ਼ਤੇ ’ਚ 20 ਹਜ਼ਾਰ ਰੁਪਏ ਹੀ ਕਢਵਾਏ ਜਾ ਸਕਣਗੇ। ਬੁੱਧਵਾਰ ਨੂੰ ਸਾਰੇ ਬੈਂਕ ਬੰਦ ਰਹਿਣਗੇ ਅਤੇ ਕੁਝ ਏਟੀਐਮ ਭਲਕੇ ਅਤੇ ਵੀਰਵਾਰ ਨੂੰ ਵੀ ਕੰਮ ਨਹੀਂ ਕਰਨਗੇ। ਸ੍ਰੀ ਮੋਦੀ ਨੇ ਕਿਹਾ ਕਿ ਭਾਰਤੀ ਰਿਜ਼ਰਵ ਬੈਂਕ ਵੱਲੋਂ ਬੈਂਕਾਂ ਅਤੇ ਏਟੀਐਮਜ਼ ’ਚ ਛੋਟੇ ਨੋਟ ਮੁਹੱਈਆ ਕੀਤੇ ਜਾਣ ਤੋਂ ਬਾਅਦ ਇਹ ਖੋਲ੍ਹੇ ਜਾਣਗੇ। ਉਨ੍ਹਾਂ ਭਰੋਸਾ ਜਤਾਇਆ ਕਿ ਬੈਂਕਾਂ ਅਤੇ ਡਾਕਖਾਨਿਆਂ ਦਾ ਅਮਲਾ ਨਵੇਂ ਹੁਕਮਾਂ ਨੂੰ ਦਿੱਤੇ ਸਮੇਂ ਅੰਦਰ ਪੂਰਾ ਕਰਨ ’ਚ ਆਪਣਾ ਪੂਰਾ ਜ਼ੋਰ ਲਾਏਗਾ। ਉਨ੍ਹਾਂ ਸਿਆਸੀ ਪਾਰਟੀਆਂ, ਵਰਕਰਾਂ, ਸਮਾਜਿਕ ਜਥੇਬੰਦੀਆਂ ਅਤੇ ਮੀਡੀਆ ਤੋਂ ਇਸ ਕਾਰਜ ਦੀ ਸਫ਼ਲਤਾ ਲਈ ਸਹਿਯੋਗ ਮੰਗਿਆ। ਬੈਂਕ ਖ਼ਾਤਿਆਂ ’ਚ 500 ਅਤੇ 1000 ਰੁਪਏ ਦੇ ਨੋਟ ਜਮ੍ਹਾਂ ਕਰਾਉਣ ਤੋਂ ਇਲਾਵਾ ਇਨ੍ਹਾਂ ਨੂੰ ਨਾਮਜ਼ਦ ਬੈਂਕਾਂ ਅਤੇ ਡਾਕਖਾਨਿਆਂ ’ਚ ਪੈਨ, ਆਧਾਰ ਅਤੇ ਚੋਣ ਸ਼ਨਾਖ਼ਤੀ ਪੱਤਰ ਦਿਖਾ ਕੇ 24 ਨਵੰਬਰ ਤਕ 4000 ਰੁਪਏ ਤਕ ਬਦਲਵਾਇਆ ਜਾ ਸਕਦਾ ਹੈ। ਜਿਹੜੇ ਵਿਅਕਤੀ 500 ਅਤੇ 1000 ਰੁਪਏ ਦੇ ਨੋਟ 30 ਦਸੰਬਰ ਤਕ ਜਮ੍ਹਾਂ ਨਹੀਂ ਕਰਵਾ ਸਕਣਗੇ, ਉਹ ਅਗਲੇ ਸਾਲ 31 ਮਾਰਚ ਤਕ ਇਹ ਨੋਟ ਆਰਬੀਆਈ ਦੇ ਨਾਮਜ਼ਦ ਦਫ਼ਤਰਾਂ ਤੋਂ ਬਦਲਵਾ ਸਕਦੇ ਹਨ ਪਰ ਉਨ੍ਹਾਂ ਨੂੰ ਕਾਰਨ ਦੱਸਣ ਦੇ ਨਾਲ ਸਬੂਤ ਸਮੇਤ ਐਲਾਨਨਾਮੇ ਦਾ ਫਾਰਮ ਭਰਨਾ ਪਏਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ 500 ਅਤੇ 1000 ਰੁਪਏ ਦੇ ਨੋਟ ਹਵਾਈ ਜਹਾਜ਼ ਦੀਆਂ ਟਿਕਟਾਂ, ਰੇਲਵੇ, ਸਰਕਾਰੀ ਬੱਸ ਟਿਕਟ ਕਾਊਂਟਰਾਂ ਅਤੇ ਹਸਪਤਾਲਾਂ ’ਚ 11 ਅਤੇ 12 ਨਵੰਬਰ ਦੀ ਦਰਮਿਆਨੀ ਰਾਤ ਤਕ ਚਲਣਗੇ।

ਨਵੇਂ ਪ੍ਰਬੰਧ ਕਾਰਨ ਪੇਸ਼ ਆਉਣ ਵਾਲੀਆਂ ਕੁਝ ਮੁਸ਼ਕਲਾਂ ਦਾ ਜ਼ਿਕਰ ਕਰਦਿਆਂ ਸ੍ਰੀ ਮੋਦੀ ਨੇ ਭਰੋਸਾ ਜਤਾਇਆ ਕਿ ਅਤਿਵਾਦ, ਕਾਲੇ ਧਨ, ਜਾਅਲੀ ਨੋਟਾਂ ਦੇ ਧੰਦੇ, ਭ੍ਰਿਸ਼ਟਾਚਾਰ ਖ਼ਿਲਾਫ਼ ਜੰਗ ’ਚ ਦੇਸ਼ ਦੇ ਜਾਗਰੂਕ ਲੋਕ ਕੁਝ ਦਿਨਾਂ ਤਕ ਇਸ ਤੰਗੀ ਨੂੰ ਝੱਲ ਲੈਣਗੇ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ, ਕਾਲਾ ਧਨ, ਜਾਅਲੀ ਨੋਟ, ਅਤਿਵਾਦ ਖ਼ਿਲਾਫ਼ ਫੈਸਲਾਕੁਨ ਜੰਗ ਹੋਣੀ ਚਾਹੀਦੀ ਹੈ। ’ਕਿਹੜਾ ਅਜਿਹਾ ਨਾਗਰਿਕ ਹੈ ਜੋ ਭ੍ਰਿਸ਼ਟਾਚਾਰ ਨੂੰ ਸਵੀਕਾਰ ਕਰ ਸਕੇਗਾ ਅਤੇ ਜਿਸ ਨੂੰ ਭ੍ਰਿਸ਼ਟਾਚਾਰ ਕਾਰਨ ਤਕਲੀਫ਼ ਨਹੀਂ ਹੋਏਗੀ।’

ਉਨ੍ਹਾਂ ਕਿਹਾ ਕਿ 500 ਅਤੇ 1000 ਰੁਪਏ ਵਾਲੇ ਨੋਟਾਂ ਦਾ ਹਿੱਸਾ 80 ਤੋਂ 90 ਫ਼ੀਸਦੀ ਤਕ ਪੁੱਜ ਗਿਆ ਹੈ। ਦੇਸ਼ ’ਚ ਨਕਦੀ ਦੇ ਵੱਧ ਲੈਣ-ਦੇਣ ਦਾ ਸਿੱਧਾ ਸਬੰਧ ਭ੍ਰਿਸ਼ਟਾਚਾਰ ਹਨ ਅਤੇ ਇਸ ਤੋਂ ਕਮਾਈ ਕਾਰਨ ਮਹਿੰਗਾਈ ’ਤੇ ਅਸਰ ਪੈਂਦਾ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਦੇਸ਼ ਅਤੇ ਸਮਾਜ ਨੂੰ ਸਿਉਂਕ ਵਾਂਗ ਖੋਖਲਾ ਕਰ ਰਿਹਾ ਅਤੇ ਇਸ ਨੂੰ ਖ਼ਤਮ ਕਰਨਾ ਪਏਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਸਰਕਾਰ ਦੇ ਫ਼ੈਸਲੇ ਦੀ ਜਾਣਕਾਰੀ ਦਿੱਤੀ।

# ਝਾੜੂ ਲਗਾਉਣ ਵਾਲੀ ਮਾਂ ਦੇ ਰਿਟਾਇਰਮੈਂਟ ਫੰਕਸ਼ਨ ਤੇ ਪਹੁੰਚੇ ਡੀ. ਐਮ., ਡਾਕਟਰ, ਇੰਜੀਨੀਅਰ ਬੇਟਿਆਂ ਨੂੰ ਦੇਖ ਕੇ ਹੈਰਾਨ ਹੋਏ ਲੋਕ

**ਨਵੀਂ ਦਿੱਲੀ–** ਝਾਰਖੰਡ ਦੇ ਰਾਮਗੜ੍ਹ ਦੇ ਰਜਰੱਪਾ ਟਾਊਨਸ਼ਿਪ ਵਿਚ ਪਿਛਲੇ 30 ਸਾਲ ਤੋਂ ਝਾੜੂ ਲਗਾਉਣ ਵਾਲੀ ਸੁਮਿੱਤਰਾ ਦੇਵੀ ਦਾ ਸੋਮਵਾਰ ਨੂੰ ਆਖਰੀ ਦਿਨ ਰਿਹਾ। ਮੌਕਾ ਵਿਦਾਈ ਸਮਾਰੋਹ ਦਾ ਆਇਆ ਤਾਂ ਅਚਾਨਕ ਇਕ ਨੀਲੀ ਬੱਤੀ ਲੱਗੀ ਕਾਰ ਅਤੇ ਪਿੱਛੇ ਦੋ ਹੋਰ ਵੱਡੀਆਂ-ਵੱਡੀਆਂ ਕਾਰਾਂ ਸਮਾਰੋਹ ਹਾਲ ਦੇ ਕੋਲ ਪਹੁੰਚੀਆਂ। ਨੀਲੀ ਬੱਤੀ ਲੱਗੀ ਕਾਰ ਤੋਂ ਬਿਹਾਰ ਵਿਚ ਸਿਵਾਨ ਦੇ ਡੀ. ਐਮ. ਮਹਿੰਦਰ ਕੁਮਾਰ, ਪਿੱਛੇ ਦੀ ਕਾਰ ਵਿਚ ਰੇਲਵੇ ਦੇ ਚੀਫ ਇੰਜੀਨੀਅਰ ਵਿਰੇਂਦਰ ਕੁਮਾਰ ਅਤੇ ਤੀਜੀ ਕਾਰ ਤੋਂ ਡਾਕਟਰ ਧੀਰੇਂਦਰ ਕੁਮਾਰ ਇਕੱਠੇ ਉਤਰੇ ਅਤੇ ਸਮਾਰੋਹ ਸਥਾਨ ’ਤੇ ਪਹੁੰਚੇ। ਆਪਣੇ ਤਿੰਨੇ ਅਫਸਰ ਬੇਟਿਆਂ ਨੂੰ ਇਕੱਠਿਆਂ ਦੇਖ ਕੇ ਸਫਾਈ ਕਰਮਚਾਰੀ ਮਾਂ ਸੁਮਿੱਤਰਾ ਦੇਵੀ ਦੀਆਂ ਅੱਖਾਂ ਤੋਂ ਹੰਝੂ ਸੰਭਾਲੇ ਨਾ ਗਏ। ਲੜਕਿਆਂ ਨੂੰ ਆਪਣੇ ਉਚ ਅਧਿਕਾਰੀਆਂ ਨੂੰ ਮਿਲਵਾਉਂਦੇ ਹੋਏ ਸੁਮਿੱਤਰਾ ਬੋਲੀ ਸਾਹਿਬ- ਮੈਂ ਤਾਂ ਪੂਰੀ ਜ਼ਿੰਦਗੀ ਝਾੜੂ ਲਗਾਉਂਦੀ ਰਹੀ ਪਰ ਮੈਂ ਆਪਣੇ ਤਿੰਨੇ ਮੁੰਡਿਆਂ ਨੂੰ ਸਾਹਿਬ ਬਣਾ ਦਿੱਤਾ। ਇਹ ਮਿਲੋ ਮੇਰੇ ਛੋਟੇ ਬੇਟੇ ਮਹਿੰਦਰ ਨੂੰ, ਜੋ ਸਿਵਾਨ ਵਿਚ ਕਲੈਕਟਰ ਹਨ ਅਤੇ ਇਹ ਮੇਰਾ ਬੇਟਾ ਵਿਰੇਂਦਰ ਇੰਜੀਨੀਅਰ ਹੈ ਅਤੇ ਧੀਰੇਂਦਰ ਡਾਕਟਰ ਸਾਹਿਬ। ਜਦੋਂ ਸੁਮਿੱਤਰਾ ਨੇ ਵਾਰੀ-ਵਾਰੀ ਆਪਣੇ ਤਿੰਨੇ ਅਫਸਰ ਬੇਟਿਆਂ ਦੀ ਸਭ ਨਾਲ ਵਾਕਫੀਅਤ ਕਰਵਾਈ ਤਾਂ ਉਹਨਾਂ ਦੇ ਬੌਸ ਸਮੇਤ ਸਮਾਰੋਹ ਵਿਚ ਮੌਜੂਦ ਲੋਕ ਹੈਰਾਨ ਰਹਿ ਗਏ। ਅੱਖਾਂ ਫਟੀਆਂ ਦੀਆਂ ਫਟੀਆਂ ਰਹਿ ਗਈਆਂ ਕਿ ਇਕ ਸਫਾਈ ਕਰਮਚਾਰੀ ਔਰਤ ਦੇ ਤਿੰਨ ਅਫਸਰ ਲੜਕੇ। ਡੀ. ਐਮ.- ਡਾਕਟਰ ਅਤੇ ਇੰਜੀਨੀਅਰ। ਉਥੇ ਹੀ ਉਸ ਨਾਲ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਸੁਮਿੱਤਰਾ ਦੇਵੀ ਤੇ ਮਾਣ ਮਹਿਸੂਸ ਹੋ ਰਿਹਾ ਸੀ ਕਿ ਉਹ ਇਕ ਅਜਿਹੀ ਔਰਤ ਨਾਲ ਕੰਮ ਕਰ ਰਹੇ ਸਨ, ਜਿਸਦੇ ਤਿੰਨੇ ਮੁੰਡੇ ਇੰਨੇ ਉਚੇ ਅਹੁਦਿਆਂ ’ਤੇ ਹਨ। ਡੀ. ਐਮ., ਡਾਕਟਰ ਅਤੇ ਇੰਜੀਨੀਅਰ ਬੇਟਿਆਂ ਨੇ ਵਿਦਾਈ ਸਮਾਰੋਹ ਵਿਚ ਆਪਣੀ ਸਫਾਈ ਕਰਮਚਾਰੀ ਮਾਂ ਸੁਮਿੱਤਰਾ ਦੇਵੀ ਦੀ ਮਿਹਨਤ ਅਤੇ ਸੰਘਰਸ਼ ਦੀ ਕਹਾਣੀ ਤੋਂ ਸਾਰਿਆਂ ਨੂੰ ਰੂਬਰੂ ਕਰਵਾਇਆ। ਉਹਨਾਂ ਨੇ ਕਿਹਾ ਕਿ ਮਾਂ ਨੇ ਝਾੜੂ ਲਗਾ ਕੇ ਵੀ ਉਹਨਾਂ ਨੂੰ ਚੰਗੀ ਸਿੱਖਿਆ ਦਿਵਾਈ, ਜਿਸ ਕਾਰਨ ਉਹ ਅੱਜ ਅਧਿਕਾਰੀ ਬਣ ਕੇ ਜ਼ਿੰਦਗੀ ਵਿਚ ਸਫਲ ਰਹੇ। ਉਹਨਾਂ ਨੂੰ ਬਹੁਤ ਖੁਸ਼ੀ ਹੈ ਕਿ ਜਿਸ ਨੌਕਰੀ ਦੇ ਦਮ ’ਤੇ ਉਹਨਾਂ ਦੀ ਮਾਂ ਨੇ ਉਹਨਾਂ ਨੂੰ ਪੜ੍ਹਾਇਆ-ਲਿਖਾਇਆ, ਅੱਜ ਸਭ ਆਪਣੀ ਮਾਂ ਦੀ ਵਿਦਾਈ ਸਮਾਰੋਹ ਵਿਚ ਇਕੱਠੇ ਹਨ। ਸੁਮਿੱਤਰਾ ਦੇਵੀ ਨੇ ਵੀ ਆਪਣੀ ਤਿੰਨ ਦਹਾਕਿਆਂ ਦੀ ਸੇਵਾ ਨੂੰ ਯਾਦ ਕਰਦੇ ਹੋਏ ਭਾਵੁਕ ਹੁੰਦਿਆਂ ਕਿਹਾ ਕਿ ਝਾੜੂ ਲਗਾਉਣ ਦਾ ਪੇਸ਼ਾ ਹੋਣ ਦੇ ਬਾਅਦ ਵੀ ਉਹਨਾਂ ਨੇ ਆਪਣੇ ਬੇਟਿਆਂ ਨੂੰ ਸਾਹਿਬ ਬਣਨ ਦਾ ਸੁਪਨਾ ਅੱਖਾਂ ਵਿਚ ਬਣਾਉਣ ਲਈ ਪ੍ਰੇਰਿਆ। ਆਖਿਰਕਾਰ ਰੱਬ ਦੀ ਕਿਰਪਾ ਅਤੇ ਲੜਕਿਆਂ ਦੀ ਮਿਹਨਤ ਨਾਲ ਉਹ ਸੁਪਨਾ ਸੱਚ ਹੋ ਗਿਆ। ਬੇਸ਼ੱਕ ਹੀ ਬੇਟੇ ਅਧਿਕਾਰੀ ਹੋ ਗਏ ਪਰ ਉਹਨਾਂ ਨੇ ਆਪਣੀ ਝਾੜੂ ਲਗਾਉਣ ਦੀ ਨੌਕਰੀ ਇਸ ਕਰਕੇ ਨਹੀਂ ਛੱਡੀ ਕਿ ਇਸੇ ਛੋਟੀ ਨੌਕਰੀ ਦੀ ਕਮਾਈ ਨਾਲ ਉਹਨਾਂ ਦੇ ਬੇਟੇ ਪੜ੍ਹ-ਲਿਖ ਕੇ ਅੱਗੇ ਵੱਧ ਸਕੇ। ਅੱਜ ਉਹਨਾ ਦੇ ਬੇਟੇ ਉਹਨਾਂ ਦੇ ਮਾਣ ਦਾ ਅਹਿਸਾਸ ਕਰਵਾ ਰਹੇ ਹਨ।



# ਲੋਕ ਗਾਇਕ ਜੀਤ ਜਗਜੀਤ ਦਾ ਫਰਿਜ਼ਨੋ ਵਿਖੇ ਸ਼ੋਅ 12 ਨਵੰਬਰ ਨੂੰ



**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ /ਕੁਲਵੰਤ ਧਾਲੀਆਂ–** ਉੱਘੇ ਲੋਕ ਗਾਇਕ ਜੀਤ ਜਗਜੀਤ ਆਪਣੇ ਸੱਭਿਆਚਾਰ ਅਤੇ ਪਰਿਵਾਰਕ ਸ਼ੋਅ ਕਰਨ ਲਈ ਅਮਰੀਕਾ ਦੀ ਧਰਤੀ ਤੇ ਆਏ ਹੋਏ ਹਨ, ਇਸੇ ਕੜੀ ਤਹਿਤ ਉਹਨਾਂ ਦਾ ਦੂਸਰਾ ਸ਼ੋਅ ਫਰਿਜ਼ਨੋ ਵਿਖੇ 12 ਅਕਤੂਬਰ ਦਿਨ ਸ਼ਨੀਵਾਰ ਸ਼ਾਮੀਂ 6 ਤੋਂ 9 ਦਰਮਿਆਨ ਸੈਂਟਰਲ ਹਾਈ ਸਕੂਲ ਫਰਿਜ਼ਨੋ ਦੇ ਈਸਟ ਕੈਂਪਸ ਦੇ ਆਡੋਟੋਰੀਅਮ ਵਿਚ ਹੋਣ ਜਾ ਰਿਹਾ ਹੈ। ਇਹ ਸਕੂਲ ਗੁਰਦਵਾਰਾ ਨਾਨਕਸਰ ਕਰਨੀਲੀਆ ਰੋਡ ਦੇ ਬਿਲਕੁਲ ਸਾਹਮਣੇ ਸਥਿਤ ਹੈ। ਇਸ ਸ਼ੋਅ ਵਿੱਚ ਤੁਹਾਨੂੰ ਮੁੱਛ, ਮਸ਼ੁਕ, ਗੋਲੀਆਂ ਬਦੂੰਕਾਂ ਜਾ ਕਾਰਾਂ ਜੀਪਾਂ ਦੀਆਂ ਬਾਤਾਂ ਨਹੀ ਸੁਣਾਈਆਂ ਜਾਣਗੀਆਂ ਬਲਕਿ ਵਿਰਾਸਤੀ ਰੰਗ ਵਿੱਚ ਰੰਗੀ ਸੱਭਿਆਚਾਰਿਕ ਗਾਇਕੀ ਸੁਣਨ ਨੂੰ ਮਿਲੇਗੀ ਜਿਸ ਵਿੱਚ ਦੇਸ਼ ਦੇ ਹੇਰਵੇ, ਕਵੀਸ਼ਰੀ, ਢਾਡੀ, ਰਚਨਾਵਾਂ, ਦੋ ਦਿਲਾਂ, ਪਰਿਵਾਰਕ ਰਿਸ਼ਤਿਆਂ ਅਤੇ ਭੈਂਣ ਦੀ ਰੱਖੜੀ ਦੀ ਗੱਲ ਹੋਵੇਗੀ। ਅਗਰ ਸਾਫ਼ ਸੁਥਰੀ ਗਾਇਕੀ ਨੂੰ ਪਿਆਰ ਕਰਦੇ ਹੋ ਤਾਂ ਜੀਤ ਜਗਜੀਤ ਦੇ ਫਰਿਜ਼ਨੋ ਸ਼ੋਅ ਨੂੰ ਪਰਿਵਾਰਾ ਸਮੇਤ ਪਹੁੰਚਕੇ ਮਾਣੋ। ਟਿਕਟਾ ਅਤੇ ਵਧੇਰੇ ਜਾਣਕਾਰੀ ਸੰਪਰਕ ਕਰੋ 559-770-7785


ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੋਫੋਰਨੀਆ)

ਨਵੰਬਰ ਮਹੀਨੇ ਦੇ ਅਹਿਮ ਦਿਹਾੜੇ ਅਤੇ ਧਾਰਮਿਕ ਪ੍ਰੋਗਰਾਮ




ਨਵੰਬਰ 13, 2016
ਸੁਖਮਨੀ ਸਾਹਿਬ ਜੀ ਦਾ
ਪਾਠ ਅਤੇ ਲੰਗਰ ਦੀ ਸੇਵਾ
(ਸੇਵਾ ਲਈ ਖੁੱਲ੍ਹਾ)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ
ਨਵੰਬਰ 18, 19, 20, 2016




ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ (ਕੈਲੋਫੋਰਨੀਆ) ਵੱਲੋਂ ਪਹਿਲੀ ਪਾਤਸ਼ਾਹ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਗੁਰੂ ਘਰ ਵਿਖੇ 18, 19 ਅਤੇ 20 ਨਵੰਬਰ 2016 ਨੂੰ ਮਨਾਇਆ ਜਾ ਰਿਹਾ ਹੈ। ਅਖੰਡ ਪਾਠ ਸਾਹਿਬ ਜੀ 18 ਨਵੰਬਰ ਨੂੰ ਪ੍ਰਾਰੰਭ ਹੋਣਗੇ ਅਤੇ 20 ਨਵੰਬਰ ਨੂੰ ਭੋਗ ਉਪਰੰਤ ਰਸ ਭਿੰਨਾ ਕੀਰਤਨ ਅਤੇ ਸ਼ਬਦ ਗਾਇਨ ਹੋਵੇਗਾ। ਗੁਰੂ ਘਰ ਦੀ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਅਪੀਲ ਹੈ ਕਿ ਇਸ ਦਿਹਾੜੇ ਮੌਕੇ ਗੁਰੂ ਘਰ ਵਿਖੇ ਹਾਜ਼ਰ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**Managing Committee**

**SRI GURU RAVIDASS SABHA PITTSBURG (CA)**

Chairman
Shinder Pal Narabat
925-683-0178

General Secretary
Gina Bhatia
925-427-1572

Giani Bhupinder Singh, Giani Ompal Singh, Giani Gurnam Singh Ji and Giani Parkash Singh will adorn the occasion with Shabad Kirtan along with famous singer Bibi Jaspinder Raina and other Kirtankar.

ਭੋਜਨ ਅਤੇ ਹੋਰ ਸਟਾਲਾਂ ਦੇ ਲਈ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ ਜੀ। ਸਾਡੇ ਕੋਲ ਬਹੁਤ ਸੀਮਤ ਥਾਂ ਹੈ।

President
Kashmiri Bhatia
408-460-0262

Treasurer
Jasvir Chahal
209-627-7944

ਕਿਰਪਾ ਕਰਕੇ ਸਟਾਲ ਲਈ ਥਾਂ ਬੁੱਕ ਕਰਵਾਉਣ ਲਈ ਅੱਜ ਹੀ ਸੰਪਰਕ ਕਰੋ ਜੀ। ਪਹਿਲਾਂ ਆਓ, ਪਹਿਲਾਂ ਪਾਓ।

www.sriguru→ravidasstemple.com



**A & S**

**Auto Repair & Services**

**Specializing in Brakes & Axles**

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਇਸ ਵਾਰ ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ

ਅਮਰੀਕਾ ਵਿਚ ਰਾਸ਼ਟਰਪਤੀ ਚੋਣਾਂ ਹਰ ਚੌਥੇ ਸਾਲ ਹੁੰਦੀਆਂ ਹਨ ਪਰ ਕੁਝ ਸਮੇਂ ਤੋਂ ਚੱਲੀ ਆ ਰਹੀ ਦੋ ਵਾਰ ਰਾਸ਼ਟਰਪਤੀ ਬਣਨ ਦੀ ਰਵਾਇਤ ਦਰਮਿਆਨ ਹੁਣ ਇਹ ਮੁਕਾਬਲੇ 8 ਸਾਲ ਬਾਅਦ ਦੇਖਣ ਨੂੰ ਮਿਲਦਾ ਹੈ। ਰਾਸ਼ਟਰਪਤੀ ਓਬਾਮਾ ਤੋਂ ਪਹਿਲਾਂ ਜਾਰਜ ਬੁਸ਼ ਦੋ ਵਾਰ ਰਾਸ਼ਟਰਪਤੀ ਬਣੇ ਅਤੇ ਇਸ ਤੋਂ ਪਹਿਲਾਂ ਬਿਲ ਕਲਿੰਟਨ ਦੋ ਵਾਰ ਰਾਸ਼ਟਰਪਤੀ ਬਣੇ। ਇਸ ਵਾਰ ਵੀ ਪਹਿਲਾਂ ਵਾਂਗ ਰਿਪਬਲਿਕਨ ਪਾਰਟੀ ਦਾ ਚੋਣ ਨਿਸ਼ਾਨ ਹਾਥੀ ਅਤੇ ਡੈਮੋਕ੍ਰੇਟਿਕ ਪਾਰਟੀ ਦਾ ਗਧਾ ਰਿਹਾ ਹੈ। ਇਹ ਚੋਣ ਨਿਸ਼ਾਨ ਕਾਫੀ ਸਮੇਂ ਤੋਂ ਪ੍ਰਚੱਲਿਤ ਹਨ ਅਤੇ ਰਾਸ਼ਟਰਪਤੀ ਚੋਣ ਦਰਮਿਆਨ ਹੋਣ ਵਾਲੇ ਮੁਕਾਬਲਿਆਂ ਵਿਚ ਉਮੀਦਵਾਰਾਂ ਵੱਲੋਂ ਇਕ ਦੂਜੇ ਤੇ ਦੋਸ਼ ਲਗਾਉਣ ਦਰਮਿਆਨ ਹੀ ਨਿਕਲੇ ਹਨ। ਡੈਮੋਕ੍ਰੇਟਿਕ ਪਾਰਟੀ ਦੇ ਡੰਕੀ ਜਾਂ ਗਧੇ ਦਾ ਕਿੱਸਾ ਇਹ ਹੈ ਕਿ ਉਸਨੂੰ 1828 ਦੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਪੋਸਟਰ ਦੇ ਜ਼ਰੀਏ ਪ੍ਰਚਾਰ ਲਈ ਵਰਤਿਆ ਗਿਆ ਸੀ। ਡੈਮੋਕ੍ਰੇਟਿਕ ਉਮੀਦਵਾਰ ਐਂਡਰਿਊ ਜੈਕਸਨ ਨੇ ਇਸਦੀ ਵਰਤੋਂ ਕੀਤੀ, ਕਿਉਂਕਿ ਉਹਨਾਂ ਦੇ ਵਿਰੋਧੀ ਉਹਨਾਂ ਨੂੰ ਇਸੇ ਨਾਂ ਨਾਲ ਬੁਲਾਉਂਦੇ ਸਨ। ਇਸ ਤੋਂ ਬਾਅਦ ਡੈਮੋਕ੍ਰੇਟਿਕ ਉਮੀਦਵਾਰ ਥਾਮਸ ਨਸਟ ਨੇ ਗਧੇ ਦਾ ਹੀ ਕਾਰਟੂਨ ਆਪਣੇ ਪ੍ਰਚਾਰ ਵਿਚ ਇਸਤੇਮਾਲ ਕੀਤਾ ਅਤੇ ਫਿਰ 19ਵੀਂ ਸਦੀ ਦੇ ਅੰਤ ਤੱਕ ਇਹ ਪਾਰਟੀ ਦਾ ਲੋਕਪ੍ਰਿਆ ਚੋਣ ਚਿੰਨ੍ਹ ਬਣ ਚੁੱਕਾ ਸੀ।

ਇਸੇ ਤਰ੍ਹਾਂ ਸਾਬਕਾ ਰਾਸ਼ਟਰਪਤੀ ਅਬ੍ਰਾਹਮ ਲਿੰਕਨ ਦੀ ਚੋਣ ਮੁਹਿੰਮ ਵਿਚ ਇਲੀਨਾਇ ਦੇ ਇਕ ਸਥਾਨਕ ਅਖਬਾਰ ਨੇ ਹਾਥੀ ਦਾ ਇਸਤੇਮਾਲ ਰਿਪਬਲਿਕਨ ਪਾਰਟੀ ਚੋਣ ਮੁਹਿੰਮ ਲਈ ਕੀਤਾ। ਇਸ ਸਾਲ ਦੀਆਂ ਚੋਣਾਂ ਵਿਚ ਲੱਗਭੱਗ ਸਾਰੇ ਸੂਬਿਆਂ ਵਿਚ ਹੈਟ, ਟੀ-ਸ਼ਰਟਾਂ, ਮੋਬਾਇਲ ਫੋਨ ਕਵਰ ਅਤੇ ਝੰਡਿਆਂ ਤੇ ਦੋਵੇਂ ਪਾਰਟੀਆਂ ਦੇ ਰੰਗ ਨਾਲ ਚੋਣ ਚਿੰਨ੍ਹ ਵੀ ਦੇਖੇ ਗਏ।

ਇਸ ਵਾਰ ਦੀਆਂ ਚੋਣਾਂ ਇਸ ਕਰਕੇ ਜ਼ਿਆਦਾ ਖਾਸ ਰਹੀਆਂ ਕਿਉਂਕਿ ਅਖੀਰ ਤੱਕ ਅਜਿਹਾ ਨਜ਼ਰ ਨਹੀਂ ਆਇਆ ਕਿ ਕਿਹੜਾ ਉਮੀਦਵਾਰ ਜਿੱਤੇਗਾ। ਬੀਬੀ ਹਿਲੇਰੀ ਕਲਿੰਟਨ ਨੇ ਇਸ ਵਾਰ ਬਹੁਤ ਜ਼ਿਆਦਾ ਤਿਆਰੀ ਕੀਤੀ ਅਤੇ ਜ਼ੋਰਦਾਰ ਤਰੀਕੇ ਨਾਲ ਚੋਣ ਮੈਦਾਨ ਵਿਚ ਉਤਰੇ। ਉਹਨਾਂ ਦੀ ਇਹ ਤਿਆਰੀ ਦਾ ਨਤੀਜਾ ਰਿਹਾ ਕਿ ਉਹਨਾਂ ਨੇ ਵਿਰੋਧੀ ਉਮੀਦਵਾਰ ਨੂੰ ਪੂਰੀ ਟੱਕਰ ਦਿੱਤੀ, ਹਾਲਾਂਕਿ ਸ੍ਰੀ ਟਰੰਪ ਨੇ ਵੀ ਇਸ ਚੋਣ ਦਰਮਿਆਨ ਤਮਾਮ ਵਿਵਾਦਾਂ ਦੇ ਬਾਵਜੂਦ ਆਪਣੀ ਸਥਿਤੀ ਨੂੰ ਮਜ਼ਬੂਤ ਬਣਾਈ ਰੱਖਿਆ। ਸ੍ਰੀ ਟਰੰਪ ਉਤੇ ਕਈ ਕਿਸਮ ਦੇ ਦੋਸ਼ ਲੱਗੇ। ਦੂਸਰੇ ਪਾਸੇ ਹਿਲੇਰੀ ਕਲਿੰਟਨ ਵੀ ਈ-ਮੇਲਾਂ ਦੇ ਮਸਲੇ 'ਚ ਘਿਰੀ ਰਹੀ। ਅਮਰੀਕਾ ਵਿਚ ਪਹਿਲੀ ਵਾਰ ਅਜਿਹਾ ਦੇਖਣ ਨੂੰ ਮਿਲਿਆ ਕਿ ਉਮੀਦਵਾਰਾਂ ਦੀ ਬਿਲਕੁਲ ਨਿੱਜੀ ਜ਼ਿੰਦਗੀ ਤੱਕ ਨੂੰ ਖੰਘਾਲਿਆ ਗਿਆ। ਚੋਣਾਂ ਵਿਚ ਅਜਿਹਾ ਹੁੰਦਾ ਹੈ ਜਦੋਂ ਦੋ ਉਮੀਦਵਾਰ ਜਿੱਤ ਲਈ ਨੈਤਿਕਤਾ ਦੀਆਂ ਸੀਮਾਵਾਂ ਲੰਘ ਜਾਂਦੇ ਹਨ ਪਰ ਇਸ ਦੇ ਬਾਵਜੂਦ ਸਾਫ-ਸੁਥਰੀ ਚੋਣ ਅਤੇ ਸਮਾਜਿਕ, ਰਾਜਨੀਤਿਕ, ਧਾਰਮਿਕ, ਪਰਿਵਾਰਕ ਕਦਰਾਂ-ਕੀਮਤਾਂ ਦੀ ਬਿਨਾਅ ਉਤੇ ਚੋਣ ਲੜਨ ਦਾ ਰੁਝਾਨ ਰੋਕਣ ਲਈ ਯਤਨ ਹੋਣੇ ਚਾਹੀਦੇ ਹਨ।

ਅਖੀਰ ਨਤੀਜਾ ਹਿਲੇਰੀ ਕਲਿੰਟਨ ਦੇ ਪੱਖ ਵਿਚ ਜਾਂਦਾ ਹੈ ਜਾਂ ਡੋਨਾਲਡ ਟਰੰਪ ਦੇ ਪੱਖ ਵਿਚ, ਨਤੀਜਾ ਇਤਿਹਾਸਕ ਵੀ ਹੋਵੇਗਾ ਅਤੇ ਦਿਲਚਸਪ ਵੀ। ਕਿਉਂਕਿ ਜੇਕਰ ਹਿਲੇਰੀ ਕਲਿੰਟਨ ਜਿੱਤਦੀ ਹੈ ਤਾਂ ਉਹ ਅਮਰੀਕਾ ਵਰਗੇ ਦੁਨੀਆਂ ਦੇ ਸ਼ਕਤੀਸ਼ਾਲੀ ਦੇਸ਼ ਦੇ ਸਭ ਤੋਂ ਸ਼ਕਤੀਸ਼ਾਲੀ ਅਹੁਦੇ ਤੇ ਬੈਠੀ ਹੋਵੇਗੀ। ਇਸੇ ਤਰ੍ਹਾਂ ਜੇਕਰ ਡੋਨਾਲਡ ਟਰੰਪ ਚੋਣ ਜਿੱਤਦੇ ਹਨ ਤਾਂ ਉਹ ਵੀ ਇਕ ਇਤਿਹਾਸਕ ਗੱਲ ਹੋਵੇਗੀ ਕਿ ਇਕ ਅਮੀਰ ਅਤੇ ਗੈਰ ਰਾਜਨੀਤਿਕ ਵਿਅਕਤੀ ਅਮਰੀਕਾ ਦਾ ਪ੍ਰਧਾਨ ਹੋਵੇਗਾ। ਜਨਤਾ ਦਾ ਫਤਵਾ ਆਉਣ ਤੋਂ ਪਹਿਲਾਂ 'ਦੇਸ਼ ਦੁਆਬਾ' ਪ੍ਰੈਸ ਵਿਚ ਹੋਵੇਗਾ। ਇਸ ਲਈ ਜਿੱਤ ਹਾਰ ਦੀਆਂ ਖਬਰਾਂ ਅਤੇ ਇਸ ਚਰਚਾ ਨੂੰ ਲੈ ਕੇ ਅਗਲੇ ਹਫਤੇ ਫਿਰ ਮਿਲਾਂਗੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)



ਮੇਘ ਰਾਜ ਮਿੱਤਰ
+91-98887-87440

**(ਅੱਠਵੀ ਕਿਸਤ)**

ਧਰਤੀ ਲਈ ਇਹ ਸਭ ਤੋਂ ਵਿਨਾਸਕਾਰੀ ਘਟਨਾ ਹੈ ਕਿਉਂਕਿ ਮਨੁੱਖ ਆਪਣੇ ਪੈਰਾਂ ਨੂੰ ਖੁਦ ਹੀ ਕੁਹਾੜੇ ਨਾਲ ਵੱਢ ਰਿਹਾ ਹੈ। ਇਸ ਤੋਂ ਉੱਪਰ 1050 ਕਿਲੋਮੀਟਰ ਦੀ ਉਚਾਈ ਤੱਕ ਹਵਾ ਦੇ ਵਿਰਲੇ ਵਿਰਲੇ ਕਣ ਮੌਜੂਦ ਹਨ। ਧਰਤੀ ਦੇ ਵਾਯੂਮੰਡਲ ਵਿੱਚ 20 ਪ੍ਰਤੀਸ਼ਤ ਆਕਸੀਜਨ ਹੈ ਜੋ ਪੌਦਿਆਂ ਤੇ ਜੰਤੂਆਂ ਦੇ ਸਾਹ ਲੈਣ ਲਈ ਅਤੀ ਜ਼ਰੂਰੀ ਹੈ। ਹਵਾ ਵਿਚਲੀ ਕਾਰਬਨ ਡਾਈਆਕਸਾਈਡ ਦੀ ਥੋੜਖ਼ੀ ਜਿਹੀ ਮਾਤਰਾ ਪੌਦਿਆਂ ਦੀ ਖੁਰਾਕ ਲਈ ਅਤਿਅੰਤ ਲੋੜੀਂਦਾ ਪਦਾਰਥ ਹੈ। ਧਰਤੀ ਤੇ ਉਪਲੱਬਧ ਸਭ ਤੋਂ ਵੱਡਾ ਯੋਗਿਕ ਪਾਣੀ ਹੈ ਜੋ ਹਾਈਡ੍ਰੋਜਨ ਦੇ ਦੋ ਭਾਗਾਂ ਤੇ ਆਕਸੀਜਨ ਦੇ ਇੱਕ ਭਾਗ ਨੂੰ ਮਿਲਾਉਣ ਤੇ ਬਣਦਾ ਹੈ।

**ਧਰਤੀ ਦੀ ਅੰਦਰੂਨੀ ਬਣਤਰ**

ਭੂਚਾਲਾਂ ਦੀਆਂ ਤਰੰਗਾਂ ਦੀ ਸਹਾਇਤਾ ਨਾਲ ਮਨੁੱਖ ਨੇ ਧਰਤੀ ਦੀ ਅੰਦਰੂਨੀ ਬਣਤਰ ਬਾਰੇ ਕਾਫੀ ਅੰਦਾਜ਼ੇ ਲਾਏ ਹਨ। ਹੁਣ ਤੱਕ ਕੀਤੇ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਧਰਤੀ ਦੇ ਅੰਦਰ ਤਿੰਨ ਪਰਤਾਂ ਹਨ।

ਸਭ ਤੋਂ ਉਪਰਲੀ ਪਰਤ ਨੂੰ ਪੇਪੜੀ ਕਿਹਾ ਜਾਂਦਾ ਹੈ। ਇਸ ਦੀ ਮੋਟਾਈ 16 ਕਿਲੋਮੀਟਰ ਤੋਂ ਲੈ ਕੇ 50 ਕਿਲੋਮੀਟਰ ਤੱਕ ਹੈ। ਇਹ ਪਰਤ ਮੁੱਖ ਰੂਪ ਵਿੱਚ ਮਿੱਟੀ ਦੀ ਬਣੀ ਹੋਈ ਹੈ ਜਿਸਨੂੰ ਸਿਲੀਕਾ ਵੀ ਕਿਹਾ ਜਾਂਦਾ ਹੈ।

ਧਰਤੀ ਦੀ ਦੂਸਰੀ ਪਰਤ ਮੈਂਟਲ ਅਖਵਾਉਂਦੀ। ਇਸਦੀ ਡੂੰਘਾਈ 2880 ਕਿਲੋਮੀਟਰ ਹੈ। ਇਹ ਮੁੱਖ ਤੌਰ 'ਤੇ ਲੋਹੇ ਤੇ ਮੈਗਨੀਸ਼ੀਅਮ ਤੋਂ ਬਣੀ ਹੈ। ਇਸ ਵਿਚ ਠੋਸ ਚਟਾਨਾਂ ਵੀ ਹਨ ਇਸਦਾ ਕੁਲ ਆਇਤਨ ਧਰਤੀ ਦੇ ਆਇਤਨ ਦਾ 80ਗ਼ ਤੇ ਇਸਦਾ ਭਾਰ ਧਰਤੀ ਦੇ ਭਾਰ ਦਾ 67ਗ਼ ਹੈ। ਇਸ ਵਿੱਚ ਲੋਹਾ ਤੇ ਮੈਗਨੀਸ਼ੀਅਮ ਲੁੱਕ ਦੀ ਤਰਖ਼ਾਂ ਵਹਿੰਦਾ ਹੈ।

ਧਰਤੀ ਦੇ ਕੇਂਦਰ ਵਾਲੇ ਭਾਗ ਨੂੰ ਕੋਰ ਕਹਿੰਦੇ ਹਨ। ਇਸ ਵਿੱਚ ਵੱਧ ਘਣਤਾ ਵਾਲੇ ਪਦਾਰਥ ਲੋਹਾ ਤੇ ਨਿਕਲ ਹਨ। ਇਸਦਾ ਤਾਪਮਾਨ ਲਗਭਗ 4000 ਦਰਜੇ ਸੈਲਸੀਅਸ ਹੈ। ਉੱਚ ਦਬਾਉ ਕਾਰਨ ਲੋਹਾ ਠੋਸ ਅਵਸਥਾ ਵਿੱਚ ਹੀ ਹੈ। ਕੋਰ ਦੀ ਬਾਹਰਲੀ ਪਰਤ ਵਿੱਚ ਦਬਾਅ ਘੱਟ ਹੋਣ ਕਰਨ ਲੋਹਾ ਪਿਘਲੀ ਹਾਲਤ ਵਿੱਚ ਵੀ ਮੌਜੂਦ ਹੈ।

**ਧਰਤੀ ਦੀਆਂ ਗਤੀਆਂ**

ਸਾਡੀ ਧਰਤੀ ਚਾਰ ਕਿਸਮ ਦੀਆਂ ਗਤੀਆਂ ਕਰਦੀ ਹੈ। ਪਹਿਲੀ ਗਤੀ ਇਹ ਆਪਣੇ ਧੁਰੇ ਦੁਆਲੇ ਘੁੰਮਦੀ ਹੈ। ਇਸੇ ਗਤੀ ਨਾਲ 24 ਘੰਟੇ ਵਿੱਚ ਆਪਣੀ ਧੁਰੀ ਦੁਆਲੇ ਇੱਕ ਚੱਕਰ ਪੂਰਾ ਕਰਦੀ ਹੈ। ਦਿਨ ਰਾਤ ਬਣਨ ਦਾ ਕਾਰਨ ਵੀ ਇਹ ਹੀ ਹੈ। ਰਾਤ ਨੂੰ 8 ਘੰਟੇ ਸੁੱਤੇ ਹੀ ਤੁਸੀਂ 13360 ਕਿਲੋਮੀਟਰ ਦਾ ਸਫਰ ਸਿਰਫ ਇਸੇ ਗਤੀ ਕਾਰਨ ਕਰ ਜਾਂਦੇ ਹੋ। ਸਾਡੀ ਧਰਤੀ ਦੀ ਦੂਸਰੀ ਗਤੀ ਇਸਦਾ ਸੂਰਜ ਦੁਆਲੇ ਇੱਕ ਸਾਲ ਵਿੱਚ ਚੱਕਰ ਲਾਉਣਾ ਹੈ। ਪ੍ਰਿਥਵੀ ਦਾ ਘੁੰਮਣ ਧੁਰਾ ਕੁਝ ਟੇਢਾ ਹੋਣ ਕਾਰਨ ਰੁੱਤਾਂ ਇਸੇ ਗਤੀ ਕਰਕੇ ਬਣਦੀਆਂ ਹਨ। ਇਹ ਗਤੀ ਐਨੀ ਜ਼ਿਆਦਾ ਹੈ ਕਿ ਤੁਸੀਂ ਸਿਰਫ 1 ਘੰਟੇ ਵਿੱਚ ਇੱਕ ਲੱਖ ਕਿਲੋਮੀਟਰ ਦਾ ਫਾਸਲਾ ਤੈਅ ਕਰ ਜਾਂਦੇ ਹੋ। ਸਾਡੀ ਧਰਤੀ ਦਾ ਧੁਰਾ ਲਾਟੂ ਦੀ ਤਰਖ਼ਾਂ ਘੁੰਮਦਾ 26000 ਵਰਿਖ਼ਆਂ ਵਿੱਚ ਇੱਕ ਚੱਕਰ ਲਾਉਂਦਾ। ਧਰਤੀ ਦੀ ਚੌਥੀ ਗਤੀ ਸੂਰਜ ਦਾ ਧਰਤੀ ਸਮੇਤ ਇਸ ਗਲੈਕਸੀ ਦੇ ਕੇਂਦਰ ਦੇ ਆਲੇ ਦੁਆਲੇ ਚੱਕਰ ਲਾਉਣਾ ਹੈ। ਇਹ ਚੱਕਰ ਵੀ 24 ਕ੍ਰੋੜ ਸਾਲਾਂ ਵਿੱਚ ਪੂਰਾ ਹੁੰਦਾ ਹੈ।

**ਜੀਵ ਵਿਕਾਸ ਕੀ ਹੈ?**

ਇਹ ਇਕ ਸੱਚਾਈ ਹੈ ਕਿ ਧਰਤੀ 'ਤੇ ਰਹਿਣ ਵਾਲੇ ਸਾਰੇ ਜੀਵਾਂ ਵਿੱਚੋਂ ਮਨੁੱਖ ਨੇ ਹਰ ਘਟਨਾ ਨੂੰ ਕਿਉਂ ਤੇ ਕਿਵੇਂ ਕਸੌਟੀ ਤੇ ਪਰਖਿਆ ਹੈ। ਪ੍ਰਾਚੀਨ ਸਮੇਂ ਵਿੱਚ ਮਨੁੱਖ ਦਾ ਵਿਸ਼ਵਾਸ ਸੀ ਕਿ ਧਰਤੀ ਤੇ ਮਿਲਣ ਵਾਲੇ ਲੱਖਾਂ ਹੀ ਕਿਸਮ ਦੇ ਪ੍ਰਾਣੀਆਂ ਤੇ ਪੌਦਿਆਂ ਦੀ ਸਿਰਜਣਾ "ਸਰਬ ਸ਼ਕਤੀਮਾਨ ਪਰਮਾਤਮਾ" ਨੇ ਕੀਤੀ ਹੈ। ਅੱਡ ਅੱਡ ਧਰਮਾਂ ਦੀਆਂ ਪੁਸਤਕਾਂ ਵਿੱਚ "ਸਰਬ ਸ਼ਕਤੀਮਾਨ" ਦੁਆਰਾ ਸਿਰਜਣਾ ਲਈ ਲਏ ਗਏ ਸਮੇਂ ਤੇ ਢੰਗਾਂ ਨੂੰ ਵੱਖ ਵੱਖ ਤਰੀਕਿਆਂ ਨਾਲ ਦਰਸਾਇਆ ਗਿਆ ਹੈ। ਗਿਰਜਾ ਭਗਤ ਇਸਾਈਆਂ ਅਨੁਸਾਰ ਤਾਂ ਪਰਮਾਤਮਾ ਨੇ ਈਸਾ ਮਸੀਹ ਤੋਂ 4004 ਸਾਲ ਪਹਿਲਾਂ ਐਤਵਾਰ ਦੀ ਸਵੇਰ ਨੂੰ ਸਭ ਪੌਦਿਆਂ ਤੇ ਪ੍ਰਾਣੀਆਂ ਦੀ ਸਿਰਜਣਾ ਸ਼ੁਰੂ ਕੀਤੀ ਸੀ। ਸਿਰਫ ਛੇ ਦਿਨਾਂ ਵਿੱਚ ਹੀ ਉਹਨਾਂ ਨੇ ਸਮੁੱਚੇ ਬ੍ਰਹਿਮੰਡ ਦੀ ਰਚਨਾ ਕੀਤੀ ਤੇ ਇਸਤੋਂ ਬਾਅਦ ਹੀ ਸੱਤਵੇਂ ਦਿਨ ਉਹਨਾਂ ਨੇ ਆਰਾਮ ਕੀਤਾ। ਭਾਵੇਂ ਦੁਨੀਆਂ ਦੇ ਬਹੁਤ ਸਾਰੇ ਬੁੱਧੀਮਾਨ ਲੋਕਾਂ ਨੇ ਧਾਰਮਿਕ ਪੁਸਤਕਾਂ ਵਿੱਚ ਦਰਜ ਇਹਨਾਂ ਗੱਲਾਂ ਨੂੰ ਰੱਦ ਕਰ ਦਿੱਤਾ ਹੈ ਪਰ ਸਾਡੇ ਦੇਸ਼ ਦੇ ਕਰੋੜਾਂ ਪੁਰਾਤਨ ਪੰਥੀ ਇਹਨਾਂ ਵਿਚਾਰਾਂ ਨੂੰ ਆਪਣੇ ਅਣਵਰਤੇ ਦਿਮਾਗਾਂ ਦੇ ਵਿੱਚ ਸਾਂਭੀ ਬੈਠੇ ਹਨ।

ਧਰਤੀ ਤੇ ਅਜਿਹੇ ਵਿਅਕਤੀ ਵੀ ਹੋਏ ਹਨ ਤੇ ਅੱਜ ਵੀ ਹਨ ਜਿਹਨਾਂ ਨੇ ਧਰਤੀ ਤੇ ਮੌਜੂਦ ਪੌਦਿਆਂ ਤੇ ਜੀਵਾਂ ਦੀ ਬਣਤਰ ਵਿਚਲੇ ਫਰਕ ਨੂੰ ਸਮਝਣਾ ਤੇ ਇਸਨੂੰ ਇੱਕ ਲੜੀ ਵਿਚ ਪਰੋਣਾ ਸ਼ੁਰੂ ਕੀਤਾ। ਅਜਿਹੇ ਮਹਾਨ ਵਿਅਕਤੀਆਂ ਵਿੱਚੋਂ ਹੀ ਸਨ ਚਾਰਲਸ ਡਾਰਵਿਨ। ਇਸ ਨਾਸਤਿਕ ਵਿਚਾਰਾਂ ਵਾਲੇ ਵਿਅਕਤੀ ਨੇ ਪੰਜ ਸਾਲ ਵੱਖ ਵੱਖ ਦੇਸ਼ਾਂ ਵਿੱਚੋਂ ਜੀਵਾਂ ਅਤੇ ਪੌਦਿਆਂ ਦੇ ਜੀਵਤ ਅਤੇ ਮਿਰਤਕ ਸਰੀਰਾਂ ਦੇ ਨਮੂਨੇ ਇਕੱਠੇ ਕਰਨ ਵਿਚ ਬਤੀਤ ਕੀਤੇ ਅਤੇ ਲਗਭੱਗ 20 ਸਾਲ ਵਿੱਚ ਇਹਨਾਂ ਦਾ ਅਧਿਐਨ ਕਰਨ ਪਿੱਛੋਂ 'ਜੀਵਾਂ ਦੀ ਉਤਪੱਤੀ' ਨਾਂ ਦੀ ਕਿਤਾਬ ਲਿਖੀ ਸੀ। ਇਸ ਕਿਤਾਬ ਦੇ ਛਪਣ ਨਾਲ ਹੀ ਕਈ ਦੇਸ਼ਾਂ ਵਿੱਚ ਇਸ ਕਿਤਾਬ ਨੂੰ ਪੜਨ ਅਤੇ ਪੜਾਉਣ ਤੇ ਪਾਬੰਦੀ ਲਾ ਦਿੱਤੀ ਗਈ ਕਿਉਂਕਿ ਇਹ ਕਿਤਾਬ ਇਸਾਈਆਂ ਦੀ ਇਸ ਧਾਰਨਾ ਨੂੰ ਕਿ ਧਰਤੀ ਦੀ ਸਿਰਜਨਾ "ਪਰਮਾਤਮਾ" ਨੇ ਕੀਤੀ ਹੈ ਰੱਦ ਕਰਕੇ ਜੀਵਾਂ ਵਿੱਚ ਹੋਏ ਵਿਕਾਸ ਦੀ ਪੁਸ਼ਟੀ ਕਰਦੀ ਸੀ। ਪਰ ਤਰਕ ਤੇ ਤੱਥਾਂ ਨੂੰ ਕਦੋਂ ਤਕ ਦਬਾਇਆ ਜਾ ਸਕਦਾ ਹੈ। ਲੱਖਾਂ ਰੋਕਾਂ ਦੇ ਬਾਵਜੂਦ ਅੱਜ ਡਾਰਵਿਨ ਦੀ ਕਿਤਾਬ ਦੁਨੀਆ ਦੇ ਕੋਨੇ ਕੋਨੇ ਵਿੱਚ ਉਪਲਬਧ ਹੈ। ਹੁਣ ਤਾਂ ਬਾਈਬਲ ਨੇ ਵੀ ਇਸ ਤੱਥ ਨੂੰ ਸਵੀਕਾਰ ਕਰ ਲਿਆ ਹੈ।

**ਜੀਵ ਵਿਕਾਸ ਕੀ ਹੈ?–** ਧਰਤੀ ਦੇ ਅਰਬਾਂ ਵਰਿਆਂ ਦੇ ਇਤਿਹਾਸ ਵਿਚ ਕਰੋੜਾਂ ਹੀ ਕਿਸਮ ਦੇ ਪ੍ਰਾਣੀ ਪੈਦਾ ਹੋਏ ਹਨ। ਇਹਨਾਂ ਵਿੱਚੋਂ ਬਹੁਤਿਆਂ ਦੀਆਂ ਨਸਲਾਂ ਧਰਤੀ ਤੋਂ ਅਲੋਪ ਹੋ ਚੁੱਕੀਆਂ ਹਨ। ਸਾਡੀ ਪ੍ਰਿਥਵੀ ਉੱਤੇ ਅੱਜ ਵੀ ਪੌਦਿਆਂ ਤੇ ਜੀਵਾਂ ਦੀਆਂ ਦਸ ਲੱਖ ਕਿਸਮਾਂ ਬਿਰਾਜਮਾਨ ਹਨ। ਹਰ ਕਿਸਮ ਦੇ ਪੌਦਿਆਂ ਤੇ ਪ੍ਰਾਣੀਆਂ ਨੂੰ ਜਿਉਂਦੇ ਰਹਿਣ ਲਈ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਨਾਲ ਸੰਘਰਸ਼ ਕਰਨਾ ਪੈਂਦਾ ਹੈ। ਇਸੇ ਸੰਘਰਸ਼ ਕਾਰਨ ਉਹਨਾਂ ਦੀ ਸਰੀਰਕ ਬਣਤਰ ਵਿਚ ਤਬਦੀਲੀਆਂ ਆਉਂਦੀਆਂ ਹਨ। ਜੋ ਜੀਵ ਜਾਂ ਪੌਦੇ ਆਪਣੇ ਆਪ ਨੂੰ ਆਲੇ ਦੁਆਲੇ ਅਨੁਸਾਰ ਨਹੀਂ ਢਾਲ ਸਕਦੇ ਉਹਨਾਂ ਦਾ ਖਤਮ ਹੋ ਜਾਣਾ ਲਾਜ਼ਮੀ ਹੁੰਦਾ ਹੈ। ਸਿਰਫ ਉਹ ਹੀ ਇਸ ਜਦੋ ਜਹਿਦ ਵਿੱਚੋਂ ਬਚ ਸਕਦੇ ਹਨ ਜਿਹੜੇ ਆਪਣੇ ਅੰਗਾਂ ਦੀ ਬਣਤਰ ਆਪਣੇ ਵੱਡੇ ਵਡੇਰਿਆਂ ਨਾਲੋਂ ਵਧੀਆ ਬਣਾ ਲੈਂਦੇ ਹਨ। ਇਸ ਤਰਖ਼ਾਂ ਜੀਵਾਂ ਵਿੱਚ ਲਗਾਤਾਰ ਤੇ ਹੌਲੀ ਹੌਲੀ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ। ਸ਼ੁਰੂ ਵਿੱਚ ਧਰਤੀ ਤੇ ਰਹਿਣ ਵਾਲੇ ਜੀਵਾਂ ਦੀ ਸਰੀਰਕ ਬਣਤਰ ਬਹੁਤ ਹੀ ਸਧਾਰਣ ਸੀ। ਸਮੇਂ ਅਨੁਸਾਰ ਇਹਨਾਂ ਨੇ ਆਪਣੀ ਸਰੀਰਕ ਬਣਤਰਾਂ ਨੂੰ ਬਹੁਤ ਹੀ ਗੁੰਝਲਦਾਰ ਬਣਾ ਲਿਆ ਹੈ ਤਾਂ ਜੋ ਇਹ ਆਪਣੀਆਂ ਹਰ ਕਿਸਮ ਦੀਆਂ ਲੋੜਾਂ ਨੂੰ ਪੂਰਾ ਕਰ ਸਕਣ। ਜੀਵਾਂ ਤੇ ਪੌਦਿਆਂ ਦੇ ਸਰੀਰ ਵਿੱਚ ਇਹ ਤਬਦੀਲੀਆਂ ਤਰਤੀਬ ਬੱਧ ਢੰਗ ਨਾਲ ਹੋਈਆਂ ਹਨ। ਇਹਨਾਂ ਲੜੀਬੱਧ ਤਬਦੀਲੀਆਂ ਕਾਰਨ ਹੀ ਜੀਵਾਂ ਦੀ ਇੱਕ ਕਿਸਮ ਦੂਜੀ ਵਿਚ ਬਦਲ ਜਾਂਦੀ ਹੈ। ਇਸ ਤਰਖ਼ਾਂ ਹੋਣ ਦੀ ਕਿਰਿਆ ਨੂੰ ਹੀ ਜੀਵ ਵਿਕਾਸ ਕਿਹਾ ਜਾਂਦਾ ਹੈ।

**ਮਰੇ ਜੀਵਾਂ ਦੀ ਉਮਰ ਦਾ ਕਿਵੇਂ ਪਤਾ ਲੱਗਦਾ ਹੈ? –** ਅੱਜ ਸੰਸਾਰ ਦੇ ਸਾਰੇ ਸਾਇੰਸਦਾਨ ਇਸ ਗੱਲ ਉੱਤੇ ਇੱਕਮੱਤ ਹਨ ਕਿ ਜੀਵਾਂ ਵਿੱਚ ਵਿਕਾਸ ਹੀ ਹੋਇਆ ਹੈ।

**(ਚਲਦਾ)**

# ਜੰਗ ਤੇ ਭੁੱਖ ਮਰੀ

ਮੇਘ ਰਾਜ ਮਿੱਤਰ

ਬਾਬਾ ਨਾਜਮੀ ਦੀ ਇੱਕ ਕਵਿਤਾ ਸੁਣੀ ਸੀ ਜਿਸਦੇ ਬੋਲ ਸਨ–

ਜਿਸ ਦੇਸ਼ ਵਿਚ ਭੁੱਖਾ ਮਰੇ ਮਜ਼ਦੂਰ,
ਉਸਦੇ ਹਾਕਮ ਕੁੱਤੇ ਉਸਦੇ ਹਾਕਮ ਸੂਰ,

ਅੱਜ ਸਾਡੇ ਦੇਸ਼ ਵਿਚ 100 ਪਿੱਛੇ 25 ਆਦਮੀ ਭੁੱਖੇ ਸੋਣ ਲਈ ਮਜ਼ਬੂਰ ਹਨ। ਇਸ ਤੋਂ ਵੀ ਭੈੜੀਆਂ ਹਾਲਤਾਂ ਪਾਕਿਸਤਾਨ ਦੀਆਂ ਹਨ ਜਿੱਥੇ 100 ਪਿੱਛੇ 40 ਵਿਅਕਤੀ ਭੁੱਖੇ ਸੌਂਦੇ ਹਨ। ਬੰਗਲਾ ਦੇਸ਼ ਨੇ ਆਪਣੀ ਹੋਂਦ ਤੋਂ ਬਾਅਦ ਕੋਈ ਜੰਗ ਨਹੀਂ ਲੜੀ ਇਸ ਲਈ ਉਥੇ ਸਿਰਫ 12 ਵਿਅਕਤੀ ਭੁੱਖੇ ਸੋਣ ਲਈ ਮਜ਼ਬੂਰ ਹਨ। ਭਾਰਤ ਤੇ ਪਾਕਿਸਤਾਨ ਨੇ 1947, 1965, 1971 ਤੇ 1999 ਦੀਆਂ ਜੰਗਾਂ ਲੜੀਆਂ ਹਨ। ਹਰ ਲੜਾਈ ਨੇ ਸਾਨੂੰ ਜੰਗ ਦੀ ਤਿਆਰੀ ਉਪਰ ਅਰਬਾਂ ਰੁਪਏ ਖਰਚਣ ਤੇ ਮਜ਼ਬੂਰ ਕਰ ਦਿੱਤਾ ਹੈ। ਕਸ਼ਮੀਰ ਦੀ ਸਮੱਸਿਆ 1947 ਵਿੱਚ ਜਿੱਡੀ ਸੀ ਉਸਤੋਂ ਵੀ ਭੈੜੀ ਹਾਲਤ ਵਿੱਚ ਚਲੀ ਗਈ ਹੈ। ਅੱਜ 6 ਸਾਲਾਂ ਤੋਂ ਲੈ ਕੇ 80 ਸਾਲ ਤੱਕ ਦਾ ਹਰੇਕ ਕਸ਼ਮੀਰੀ ਬਾਸ਼ਿੰਦਾ ਆਪਣੇ ਆਪ ਨੂੰ ਭਾਰਤੀ ਕਹਿਣ ਲਈ ਤਿਆਰ ਨਹੀਂ। ਮੋਦੀ ਯੁੱਗ ਵਿੱਚ ਇਹ ਹਾਲਤ ਹੋਰ ਬੁਰੀ ਹੋਈ ਹੈ। ਸੋ ਨੇੜ ਭਵਿੱਖ ਵਿੱਚ ਵੀ ਇਸ ਸਮੱਸਿਆ ਦਾ ਕੋਈ ਹੱਲ ਨਜ਼ਰ ਨਹੀਂ ਆ ਰਿਹਾ ਹੈ।

ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਕਿ ਕਸ਼ਮੀਰ ਵਿਚ ਗੜਬੜ ਕਰਨ ਜਾਂ ਕਰਵਾਉਣ ਲਈ ਪਾਕਿਸਤਾਨ ਅੱਤਵਾਦੀਆਂ ਸਰਗਰਮੀਆਂ ਨੂੰ ਹੱਲਾਸ਼ੇਰੀ ਦੇ ਰਿਹਾ ਹੈ। ਭਾਰਤ ਨੂੰ ਇਹ ਗੱਲ ਬਰਦਾਸ਼ਤ ਨਹੀਂ। ਸੋ ਭਾਰਤ ਸਰਕਾਰ ਦੀ ਸਰਜੀਕਲ ਸਟਰਾਈਕ ਵਰਗੀਆਂ ਕਾਰਵਾਈਆਂ ਕਰਨਾ ਜਾਂ ਕਰਵਾਉਣਾ ਮਜ਼ਬੂਰੀ ਹੈ। ਸੋ ਅੱਤਵਾਦੀਆਂ ਦੇ ਕੈਂਪਾਂ ਤੇ ਕੀਤੇ ਅਜਿਹੇ ਹਮਲਿਆਂ ਨੇ ਭਾਰਤ ਤੇ ਪਾਕਿਸਤਾਨ ਨੂੰ ਜੰਗ ਦੇ ਮੁਹਾਜ ਤੇ ਲਿਆ ਖੜਾਇਆ ਹੈ। ਭਾਰਤ ਤੇ ਪਾਕਿਸਤਾਨ ਦੋਵੇਂ ਐਟਮੀ ਮੁਲਕ ਹਨ। ਮਾਹਰਾਂ ਦਾ ਖਿਆਲ ਹੈ ਕਿ ਜੇ ਇਹ ਜੰਗ ਸ਼ੁਰੂ ਹੋ ਜਾਂਦੀ ਹੈ ਤਾਂ ਇਕ ਹਫਤੇ ਵਿੱਚ ਦੋਵੇਂ ਮੁਲਕਾਂ ਦੇ ਇੱਕੀ ਕਰੋੜ ਵਿਅਕਤੀ ਮੌਤ ਦੇ ਮੂੰਹ ਜਾ ਪੈਣਗੇ। ਇੱਥੇ ਹਰੇਕ ਸੱਤਵੇ ਵਿਅਕਤੀ ਦੀ ਲਾਸ਼ ਰੁਲੀ ਫਿਰੇਗੀ ਕੋਈ ਵੀ ਇਸਨੂੰ ਸਾਂਭਣ ਵਾਲਾ ਨਹੀਂ ਹੋਵੇਗਾ। ਹਸਪਤਾਲਾਂ ਵਿੱਚ ਤਿਲ ਸੁੱਟਣ ਨੂੰ ਥਾਂ ਨਹੀਂ ਹੋਵੇਗੀ।

ਸਿਹਤ ਸਹੂਲਤਾਂ ਲਈ ਜੋ ਢਾਂਚਾ ਸਾਡੇ ਦੇਸ ਵਿਚ ਮੌਜੂਦ ਹੈ ਉਹ ਪੂਰੀ ਤਰ੍ਹਾਂ ਗੜਬੜਾ ਜਾਵੇਗਾ। ਜੇ ਜੰਗ ਕਿਸੇ ਰੂਪ ਵਿੱਚ ਟਲ ਵੀ ਜਾਂਦੀ ਹੈ ਤਾਂ ਵੀ ਭਾਰਤ ਤੇ ਪਾਕਿਸਤਾਨ ਲਈ ਆਉਣ ਵਾਲੇ ਦਿਨ ਚੰਗੇ ਨਹੀਂ ਹੋਣਗੇ ਕਿਉਂਕਿ ਦੋਵੇਂ ਮੁਲਕਾਂ ਨੇ ਇੱਕ ਦੂਜੇ ਦੇ ਡਰੋਂ ਜੰਗ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।

ਭਾਰਤ ਸਰਕਾਰ ਵਲੋਂ 36 ਰਾਫੇਲ ਜਹਾਜ਼ਾਂ ਦਾ ਆਰਡਰ 58000 ਕਰੋੜ ਅੰਬਾਨੀ ਦੀ ਹਿੱਸੇਦਾਰ ਫਰਾਂਸੀਸੀ ਕੰਪਨੀ ਨੇ ਦਿੱਤਾ ਹੈ। ਬਹੁਤੇ ਪੰਜਾਬੀ ਇਹ ਅੰਦਾਜਾ ਅਸਾਨੀ ਨਾਲ ਹੀ ਲਾ ਸਕਦੇ ਹਨ ਕਿ ਇੱਕ ਕਰੋੜ ਰੁਪਏ ਦੀ ਲਾਗਤ ਨਾਲ ਕਿਸੇ ਵੀ ਪਿੰਡ ਦੇ ਹਾਈ ਸਕੂਲ ਤੇ ਹਸਪਤਾਲ ਦੀ ਇਮਾਰਤ ਦੀ ਉਸਾਰੀ ਕੀਤੀ ਜਾ ਸਕਦੀ ਹੈ। ਪੰਜਾਬ ਦੇ 12500 ਪਿੰਡਾਂ ਤੇ ਸ਼ਹਿਰਾਂ ਦੇ ਸਰਕਾਰੀ ਸਕੂਲਾਂ ਤੇ ਹਸਪਤਾਲਾਂ ਦੀ ਉਸਾਰੀ ਲਗਭਗ 12500 ਕਰੋੜ ਰੁਪਏ ਵਿੱਚ ਕੀਤੀ ਜਾ ਸਕਦੀ ਹੈ। ਇਸਦਾ ਸਿੱਧਾ ਜਿਹਾ ਮਤਲਬ ਹੈ ਕਿ ਇਕੱਲਾ ਰਾਫੇਲ ਜਹਾਜਾਂ ਦਾ ਸੌਦਾ ਹੀ ਭਾਰਤ ਦੇ ਪੰਜ ਰਾਜਾਂ ਦੇ ਵਿਕਾਸ ਦੀ ਰਕਮ ਹੜੱਪ ਕਰ ਜਾਏਗਾ। ਰੂਸ ਨਾਲ ਵੀ ਲਗਭਗ 34500 ਕਰੋੜ ਰੁਪਏ ਦਾ ਜੰਗੀ ਸਮਾਨ ਖ੍ਰੀਦਣ ਦਾ ਫੈਸਲਾ ਹੋ ਚੁੱਕਿਆ ਹੈ। ਇਕੱਲੇ ਦੋ ਸੌਦਿਆਂ ਨਾਲ ਨਹੀਂ ਸਰਨਾ ਭਾਰਤ ਨੂੰ ਅਜਿਹੇ ਅੱਧੀ ਦਰਜਨ ਸੌਦੇ ਤਾਂ ਕਰਨੇ ਹੀ ਪੈਣਗੇ। ਇਸਦਾ ਸਿੱਧਾ ਜਿਹਾ ਮਤਲਬ ਹੈ ਘੱਟੋ ਘੱਟ ਦਸ ਸਾਲ ਭਾਰਤ ਕੋਈ ਤਰੱਕੀ ਨਹੀਂ ਕਰ ਸਕੇਗਾ।

ਗਰੀਬਾਂ ਦੀ ਅਨਰੇਗਾ ਸਕੀਮ, ਐਨ. ਆਰ. ਐਚ. ਐਮ. ਸਕੀਮ, ਸਕੂਲੀ ਬੱਚਿਆਂ ਲਈ ਭੋਜਨ ਵਾਲੀਆਂ ਸਕੀਮਾਂ ਹਰ ਸਾਲ ਕਟੌਤੀ ਦਾ ਸ਼ਿਕਾਰ ਹੁੰਦੀਆਂ ਦਮ ਤੋੜ ਜਾਣਗੀਆਂ। ਮੋਦੀ ਦੁਆਰਾ ਗਰੀਬਾਂ ਲਈ ਬਣਨ ਵਾਲੇ ਮਕਾਨ ਸੁਪਨਾ ਹੀ ਬਣ ਕੇ ਰਹਿ ਜਾਣਗੇ। ਬੇਰੁਜਗਾਰੀ ਦੀ ਹਾਲਤ ਹੋਰ ਬੁਰੀ ਹੋ ਜਾਵੇਗੀ। ਪਾਕਿਸਤਾਨ ਦੀਆਂ ਹਾਲਤਾਂ ਇਸਤੋਂ ਵੀ ਭੈੜੀਆਂ ਹੋ ਜਾਣਗੀਆਂ। ਸਮੁੱਚੀ ਦੁਨੀਆਂ ਵਿੱਚ ਖਾਣ ਵਾਲੇ ਭੋਜਨ ਦੀ ਕੋਈ ਕਮੀ ਨਹੀਂ ਹੈ ਪਰ ਭਾਰਤ ਤੇ ਪਾਕਿਸਤਾਨ ਦਿਨੋਂ ਦਿਨ ਥੁੜ ਦਾ ਸ਼ਿਕਾਰ ਹੁੰਦੇ ਜਾਣਗੇ ਕਿਉਂਕਿ ਦੁਨੀਆਂ ਦੇ 194 ਦੇਸ਼ਾਂ ਵਿੱਚੋਂ ਬਹੁਤੇ ਹਥਿਆਰ ਖ੍ਰੀਦਣ ਵਾਲੇ ਇਹ ਦੋ ਮੁਲਕ ਹੀ ਬਚੇ ਹਨ।

ਇਸ ਲਈ ਸਰਮਾਏਦਾਰ ਮੁਲਕ ਜੰਗ ਨੂੰ ਰੋਕਣ ਦੀ ਬਜਾਏ ਕਰਵਾਉਣ ਲਈ ਯਤਨਸ਼ੀਲ ਹੋਣਗੇ। ਪਿਛਲੀਆਂ ਜੰਗਾਂ ਨੇ ਭਾਰਤ ਨੂੰ ਸਭ ਤੋਂ ਜ਼ਿਆਦਾ ਭੁਖਮਰੀ ਵਾਲੇ 118 ਦੇਸ਼ਾਂ ਵਿੱਚੋਂ 97 ਨੰਬਰ ਤੇ ਅਤੇ ਪਾਕਿਸਤਾਨ 114 ਨੰਬਰ ਤੇ ਲਿਜਾ ਸੁਟਿਆ ਹੈ। ਭਾਰਤ ਦੇ ਗੁਆਂਢੀ ਮੁਲਕ ਨੇਪਾਲ, ਬੰਗਲਾ ਦੇਸ਼ ਤੇ ਸ੍ਰੀ ਲੰਕਾ ਭੁੱਖਮਰੀ ਦੀਆਂ ਹਾਲਤਾਂ ਵਿਚ ਭਾਰਤ ਨਾਲੋਂ ਵਧੀਆਂ ਹਾਲਤ ਵਿੱਚ ਹਨ। ਸੋ ਇਸ ਖਿੱਤੇ ਦੇ ਲੋਕਾਂ ਨੂੰ ਚੰਗੇ ਦਿਨਾਂ ਦੀ ਬਜਾਏ ਬੁਰੇ ਦਿਨ ਦੇਖਣੇ ਪੈ ਸਕਦੇ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਬਾਬਾ ਨੰਦ ਸਿੰਘ ਜੀ ਦਾ ਜਨਮ ਦਿਹਾੜਾ ਫਰਿਜ਼ਨੋ ਵਿਖੇ ਸਰਧਾ ਭਾਵਨਾ ਨਾਲ ਮਨਾਇਆ ਗਿਆ



**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ-** ਲੰਘੇ ਸ਼ਨੀਵਾਰ ਸਥਾਨਿਕ ਗੁਰਦਵਾਰਾ ਨਾਨਕਸਰ ਚੈਰੀ ਰੋਡ ਦੀ ਸਮੂਹ ਸੰਗਤ ਵੱਲੋਂ ਧੰਨ ਬਾਬਾ ਨੰਦ ਸਿੰਘ ਜੀ ਦਾ ਜਨਮ ਦਿਹਾੜਾ ਸਰਧਾ ਭਾਵਨਾਂ ਨਾਲ ਮਨਾਇਆ ਗਿਆ। ਪਾਠ ਦੇ ਭੋਗ ਤੋਂ ਉਪਰੰਤ ਅਨੰਦਮਈ ਬਾਣੀ ਦਾ ਕੀਰਤਨ ਹੋਇਆ ਅਤੇ ਭਾਈ ਹਰਭਜਨ ਸਿੰਘ, ਤ੍ਰਲੋਚਨ ਸਿੰਘ, ਸੁਖਦੇਵ ਸਿੰਘ, ਪ੍ਰਭਜੀਤ ਸਿੰਘ, ਸੁੰਦਰ ਸਿੰਘ ਅਤੇ ਭਾਈ ਕੁਲਦੀਪ ਸਿੰਘ ਆਦਿ ਦੇ ਜਥਿਆ ਨੇ ਹਾਜ਼ਰੀ ਭਰੀ। ਇਸ ਪਿੱਛੋਂ ਸਿੱਖ ਪੰਥ ਦੇ ਮਹਾਨ ਢਾਡੀ ਭਾਈ ਗੁਰਮੇਲ ਸਿੰਘ ਦੀਵਾਨਾ ਨੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਇਸ ਮੌਕੇ ਕੌਮ ਦੇ ਮਹਾਨ ਸ਼ਹੀਦ ਭਾਈ ਬੇਅੰਤ ਸਿੰਘ ਦੇ ਸਪੁਤਰ ਭਾਈ ਜਸਵਿੰਦਰ ਸਿੰਘ ਦਾ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਸੰਗਤ ਵੱਲੋਂ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ ਤੇ ਉਹਨਾਂ ਸੰਗਤ ਨੂੰ ਸੰਬੋਧਨ ਵੀ ਕੀਤਾ। ਸਨਮਾਨ ਕਰਨ ਵਾਲੀਆਂ ਸਖਸ਼ੀਅਤਾਂ ਵਿੱਚ ਮੁੱਖ ਤੌਰ ਤੇ ਬਾਬਾ ਕਰਤਾਰ ਸਿੰਘ, ਡਾ. ਸੁਖਜੀਤ ਸਿੰਘ ਚਾਹਲ, ਗੁਰਦੇਵ ਸਿੰਘ ਮੁਹਾਰ, ਬਾਬਾ ਨਰਿੰਦਰ ਸਿੰਘ, ਰਜਵਿੰਦਰ ਸਿੰਘ (ਰਾਜੂ), ਲਵਲੀ ਸਿੰਘ ਬਰਾੜ, ਡਾ. ਰਜਿੰਦਰ ਸਿੰਘ ਅਤੇ ਕਰਮ ਸਿੰਘ ਫੌਜੀ ਆਦਿ ਸ਼ਾਮਲ ਸਨ। ਅਖੀਰ ਵਿੱਚ ਭਾਈ ਦਾਰਾ ਸਿੰਘ ਨੇ ਸਭਨਾਂ ਦਾ ਧੰਨਵਾਦ ਕੀਤਾ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com

# 'ਮੋਦੀ ਜੀ' ਦਾ 'ਇਲਾਜ' ਕੀਤਾ ਇਕ ਪਾਕਿਸਤਾਨੀ ਡਾਕਟਰ ਨੇ?



ਤਰਲੋਚਨ ਸਿੰਘ ਦੁਪਾਲਪੁਰ
001-408-915-1268

ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)- ਜੀ ਹਾਂ, ਉੜਦੂ ਬੋਲਣ ਵਾਲੇ ਇਕ ਪਾਕਿਸਤਾਨੀ ਡਾਕਟਰ ਨੇ ਪ੍ਰਧਾਨ ਮੰਤਰੀ ਮੋਦੀ ਜੀ ਦਾ 'ਇਲਾਜ' ਕੀਤਾ1 ਚਿੱਟਾ ਕੋਟ ਪਹਿਨੀ ਤੇ ਸਟੈਥੋਸਕੋਪ ਗ਼ਲ ਵਿਚ ਲਟਕਾਈ ਡਾਕਟਰ ਆਪਣੇ ਕਲੀਨਿਕ ਵਿਚ ਬੈਠਾ ਇਕ ਮਰੀਜ਼ ਲਈ ਦਵਾਈਆਂ ਲਿਖਣ ਵਿਚ ਮਸਰੂਫ ਹੈ। ਤਦੇ ਹੀ ਹੋ-ਹੱਲਾ ਮਚਾਉਂਦੇ ਇਕ ਮਰੀਜ਼ ਨੂੰ ਦੋ ਬੰਦੇ ਫੜ ਕੇ ਕਲੀਨਿਕ ਵਿਚ ਲਿਆਉਂਦੇ ਨੇ ਜੋ 'ਬੰਬ ਚਲਾ ਦੋ- ਆਗ ਲਗਾ ਦੋ- ਮਾਰ ਦੋ' ਉਚੀ-ਉਚੀ ਕਹਿੰਦਾ ਹੋਇਆ ਦੋਹਾਂ ਬੰਦਿਆਂ ਤੋਂ ਆਪਣੀਆਂ ਬਾਂਹਾਂ ਛੁਡਾਉਣ ਦੀ ਕੋਸ਼ਿਸ਼ ਕਰਦਾ ਹੈ। ਬੜੀ ਮੁਸ਼ਕਿਲ ਨਾਲ ਦੋਵੇਂ ਸਹਾਇਕ ਉਸ ਮਰੀਜ਼ ਨੂੰ ਕਾਬੂ ਕਰਕੇ ਡਾਕਟਰ ਦੇ ਮੇਜ਼ ਲਾਗੇ ਡਹੀ ਕੁਰਸੀ 'ਤੇ ਬਿਠਾ ਦਿੰਦੇ ਨੇ। ਦੰਦੀਆਂ ਕਰੀਚ ਕਰੀਚ ਕੇ 'ਬੰਬ ਚਲਾ ਦੋ' ਦਾ ਰੌਲਾ ਪਾ ਰਹੇ ਮਰੀਜ਼ ਵੱਲ ਦੇਖ ਕੇ ਜਦੋਂ ਡਾਕਟਰ ਪੁੱਛਦਾ ਹੈ ਕਿ ਮੋਦੀ ਜੀ ਨੂੰ ਕੀ ਹੋ ਗਿਆ ਹੈ? ਤਦ ਉਸ ਮਰੀਜ਼ ਦਾ ਚਿਹਰਾ-ਮੋਹਰਾ ਅਤੇ ਜੈਕਟ ਦੇਖ ਕੇ ਪਤਾ ਲੱਗਦਾ ਹੈ ਕਿ ਇਹ ਤਾਂ ਸਾਡੇ ਪ੍ਰਧਾਨ ਮੰਤਰੀ ਜੀ ਹੀ ਹਨ।



ਜੀ ਬਿਲਕੁਲ ਸਹੀ! ਇਹੀ ਸੀਨ ਹੈ ਇਕ 'ਵੀਡੀਉ ਕਲਿਪ' ਵਿਚਲਾ, ਜੋ ਕਿ ਇਕ ਪਾਕਿਸਤਾਨੀ ਟੀ. ਵੀ. ਚੈਨਲ ਵੱਲੋਂ ਬਣਾਈ ਗਈ ਹੈ ਅਤੇ ਇਹਨੀਂ ਦਿਨੀਂ ਸੋਸ਼ਲ ਸਾਇਟਾਂ 'ਤੇ ਖੂਬ ਪਸੰਦ ਕੀਤੀ ਜਾ ਰਹੀ ਹੈ। 'ਮੋਦੀ ਜੀ' ਨੂੰ ਬਾਂਹਾਂ ਤੋਂ ਫੜ ਕੇ ਲਿਆਉਣ ਵਾਲੇ ਦੋਵੇਂ ਸਹਾਇਕ, ਜਿਨ੍ਹਾਂ ਨੇ ਗ਼ਲਾਂ 'ਚ ਭਗਵੇਂ ਪਰਨੇ ਲਟਕਾਏ ਹੁੰਦੇ ਨੇ, ਡਾ. ਨੂੰ ਆਜਜ਼ੀ ਨਾਲ ਕਹਿੰਦੇ ਨੇ ਕਿ ਮੋਦੀ ਜੀ ਜਦੋਂ ਵੀ ਅਮਨ-ਅਮਾਨ ਦੇਖਦੇ ਨੇ ਤਾਂ ਇਸੇ ਤਰ੍ਹਾਂ 'ਬੰਬ ਚਲਾ ਦੋ-ਮਾਰ ਦੋ' ਦਾ ਸ਼ੋਰ ਮਚਾਉਣ ਲੱਗ ਜਾਂਦੇ ਹਨ। ਛੁਰੀ-ਕ੍ਰਿਪਾਨ ਨਾਲ ਗ਼ਲਾ ਵੱਢਣ ਦਾ ਹੱਥ ਨਾਲ ਇਸ਼ਾਰਾ ਕਰ ਰਹੇ ਗੁੱਸੇ 'ਚ ਆਏ ਮੋਦੀ ਜੀ ਵੱਲ ਹੈਰਾਨੀ ਨਾਲ ਦੇਖਦਿਆਂ ਡਾਕਟਰ ਟੌਰਚ ਫੜ ਕੇ ਕਹਿੰਦਾ ਹੈ, ਕਿ ਮੋਦੀ ਜੀ, ਮੂੰਹ ਖੋਲ੍ਹੋ? ਜਿਉਂ ਹੀ ਉਹ ਮੂੰਹ ਖੋਲ੍ਹਦੇ ਨੇ ਤਾਂ ਉਨ੍ਹਾਂ ਦੇ ਮੂੰਹ 'ਚੋਂ ਅੱਗ ਦਾ ਭੜਾਂਬੜ, ਭਬੂਕਾ ਬਣ ਕੇ ਨਿਕਲਦਾ ਹੈ। ਜਿਸ ਤੋਂ ਡਾਕਟਰ ਵੀ ਇੱਕਦਮ ਤ੍ਰਭਕ ਕੇ ਪਿੱਛੇ ਹਟਦਾ ਹੋਇਆ, ਅੱਗ ਤੋਂ ਖੁਦ ਨੂੰ ਬਚਾਉਂਦਾ ਹੈ।

ਜਦੋਂ ਡਾਕਟਰ ਬੜੀ ਗੰਭੀਰਤਾ ਨਾਲ ਮੋਦੀ ਜੀ ਦੇ ਚਿਹਰੇ ਵੱਲ ਦੇਖ ਰਿਹਾ ਹੁੰਦਾ ਹੈ ਤਾਂ ਮੋਦੀ ਜੀ ਹੜਬੜਾਉਂਦੇ ਹੋਏ ਦੋਹੀਂ ਪਾਸੀਂ ਖੜ੍ਹੇ ਆਪਣੇ ਸਹਾਇਕਾਂ ਨੂੰ ਝਿੜਕਦਿਆਂ ਕਹਿੰਦੇ ਨੇ- ਉਏ ਤੁਸੀਂ ਖੜ੍ਹੇ ਖੜ੍ਹੇ ਕੀ ਕਰਦੇ ਹੋ? ਜ਼ਰਾ ਲੜ ਕੇ ਦਿਖਾਓ ਨਾ, ਮੈਨੂੰ ਸਕੂਨ ਮਿਲ ਸਕੇ!! 'ਮੈਂ ਸਮਝ ਗਿਆ!' ਕਹਿੰਦਾ ਹੋਇਆ ਡਾਕਟਰ ਫਟਾਫਟ ਪਰਚੀ 'ਤੇ ਦਵਾਈਆਂ ਲਿਖਦਾ ਹੈ ਤੇ ਦੋਹਾਂ ਸਹਾਇਕਾਂ ਨੂੰ ਬਜ਼ਾਰੋਂ ਦਵਾਈ ਲੈਣ ਭੇਜ ਦਿੰਦਾ ਹੈ। ਲਿਫਾਫਾ ਡਾਕਟਰ ਦੇ ਮੇਜ਼ 'ਤੇ ਰੱਖ ਕੇ ਰੋਣ-ਹਾਕੇ ਜਿਹੇ ਹੋਏ ਦੋਵੇਂ ਸਹਾਇਕ ਡਾਕਟਰ ਨੂੰ ਕਹਿੰਦੇ ਨੇ ਕਿ ਸਰ ਤੁਸੀਂ ਦਵਾਈ ਤਾਂ ਕੋਈ ਲਿਖੀ ਹੀ ਨਹੀਂ ਪਰਚੀ ਉਤੇ? ਸਗੋਂ ਦੀਵਾਲੀ ਨੂੰ ਚਲਾਏ ਜਾਣ ਵਾਲੇ ਬੰਬ-ਪਟਾਖੇ 'ਤੇ ਅੱਗ ਦੀਆਂ ਚੰਗਾੜੀਆਂ ਕੱਢਣ ਵਾਲੀਆਂ ਫੁਲਝੜੀਆਂ ਹੀ ਲਿਖੀਆਂ ਹੋਈਆਂ ਨੇ। ਡਾਕਟਰ ਮੁਸਕਰਾਉਂਦਾ ਹੋਇਆ ਆਪਣੀ ਜੇਬ ਵਿਚੋਂ ਸਿਗਰਟ ਬਾਲਣ ਵਾਲਾ 'ਲਾਈਟਰ' ਕੱਢ ਕੇ ਇਕ ਬੰਬ-ਪਟਾਕੇ ਦੇ ਪਲੀਤੇ ਨੂੰ ਅੱਗੇ ਲਾਉਂਦਾ ਹੈ ਤੇ ਮੋਦੀ ਜੀ ਮੋਹਰੇ ਸੁੱਟ ਦਿੰਦਾ ਹੈ। ਇਕ ਦਮ 'ਠਾਹ-ਠੂਹ' ਦੀ ਜ਼ੋਰਦਾਰ ਆਵਾਜ਼ ਸੁਣ ਕੇ ਅਤੇ ਅੱਗ ਨਿਕਲੀ ਦੇਖਦਿਆਂ ਸਾਰ, ਮੋਦੀ ਜੀ ਬੜੀ ਤਸੱਲੀ ਤੇ ਸ਼ਾਂਤੀ ਦਾ ਪ੍ਰਗਟਾਵਾ ਕਰਦੇ ਹੋਏ ਚਿੱਟੇ ਚਿੱਟੇ ਦੰਦ ਕੱਢਦੇ ਹੱਸਦੇ ਹਨ। ਜਿਵੇਂ ਧੁੱਪ 'ਚੋਂ ਲੂਹਿਆ ਬੰਦਾ ਅਚਾਨਕ ਪੱਖੇ ਥੱਲੇ ਬਹਿ ਕੇ ਆਪਣਾ ਪਸੀਨਾ ਸੁਕਾਉਂਦਾ 'ਸੁਖ ਦਾ ਸਾਹ' ਲੈਂਦਾ ਹੈ, ਇਵੇਂ ਮੋਦੀ ਜੀ ਡਾਕਟਰ ਦਾ ਸ਼ੁਕਰਾਨਾ ਕਰਦੇ ਕਹਿੰਦੇ ਨੇ ਕਿ ਮੈਨੂੰ ਸਕੂਨ ਮਿਲ ਗਿਆ ਜੀ। ਦੋਹਾਂ ਸਹਾਇਕਾਂ ਨੂੰ ਡਾਕਟਰ ਸਮਝਾਉਂਦਾ ਹੈ ਕਿ ਜਦ ਵੀ ਕਦੇ ਮੋਦੀ ਜੀ ਨੂੰ ਅਜਿਹਾ ਦੌਰਾ ਪਵੇ ਤਾਂ ਇਹਨਾਂ ਦੇ ਕਮਰੇ ਕੋਲ ਦੋ-ਚਾਰ ਪਟਾਕੇ ਚਲਾ ਦਿਆ ਕਰੋ।

# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ 'ਬੰਦੀ ਛੋੜ ਦਿਵਸ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ

**ਫਰੀਮਾਂਟ (ਪ੍ਰਮਿੰਦਰ ਸਿੰਘ ਪ੍ਰਵਾਨਾ)-** ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ-ਪ੍ਰਵਾਹ ਨੂੰ ਗੁਰਦੁਆਰਾ ਵਿਚ ਪ੍ਰਚੱਲਿਤ ਰੱਖਣ ਦੇ ਆਸ਼ੇ ਵਿਚ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਵੱਖ-ਵੱਖ ਗੁਰਦੁਆਰਿਆਂ ਵਿਚ ਸੱਜਦੇ ਦੀਵਾਨਾਂ ਵਿਚ ਸਜਾਏ ਜਾਂਦੇ ਧਾਰਮਿਕ ਕਵੀ ਦਰਬਾਰਾਂ ਦੀ ਲੜੀ ਵਿਚ 'ਬੰਦੀ ਛੋੜ ਦਿਵਸ ਨੂੰ ਸਮਰਪਿਤ ਧਾਰਮਿਕ ਕਵੀ-ਦਰਬਾਰ ਗੁਰਦੁ-ਆਰਾ ਸਾਹਿਬ ਫਰੀਮਾਂਟ ਵਿਖੇ ਸ਼ਰਧਾ ਭਾਵਨਾ ਸਹਿਤ ਸੰਪੰਨ ਹੋਇਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਬੰਦੀ ਛੋੜ ਦਿਵਸ ਦੀ ਮਹੱਤਤਾ 'ਤੇ ਚਾਨਣਾ ਪਾਇਆ ਗਿਆ। ਇਸ ਮੌਕੇ ਹੋਰ ਸ਼ਾਮਲ ਕਵੀਆਂ ਵਿਚ ਠਾਕੁਰ ਸਿੰਘ, ਮਹਿੰਦਰ ਸਿੰਘ 'ਰਾਜਪੂਤ', ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਧਰਮਪਾਲ ਪ੍ਰਦੇਸੀ ਰੋਕੋ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਨੇ ਗੁਰਮਤਿ ਆਸ਼ੇ ਅਨੁਸਾਰ ਇਤਿਹਾਸਕ, ਗੌਰਵਮਈ ਵਿਰਸੇ ਦੀਆਂ ਬੀਰ ਰਸ ਰਚਨਾਵਾਂ ਪੇਸ਼ ਕੀਤੀਆਂ।






MAJESTIC HOMES

SALE PENDING
$338,888
3314 Canim Ct
Antioch

3 Bedrooms and 2 Bathrooms - Best Deal in Antioch
Cozy 3 Bedrooms, 2 bath and 2 car garage in a court location on a 6600 sqft lot. Granite counter tops in kitchen. Fresh paint inside. Dual pane windows. Fire place in living room. Central heating and air conditioning. Storage shed in the backyard, new fence. Possible RV parking. Single story home. Court location.



SOLD $ 348,888
59 E. Lake Drive Antioch
4 Bedrooms and 2 bath Home in Antioch
4 Bedrooms, 2 bath and 2 car garage. Upgraded kitchen, bath and Carpet about 8 years ago. 2 bedrooms and a bath down stairs. Very convenient location.



COMING SOON
3201 Magicwoods Ct Sacramento
$278,888
3 Bedrooms and 2 Bathrooms - Home in Sacramento
Seller got tired of leasing 3 Bedrooms, 2 bath and 2 car garage. Over 10,000 sqft lot, big enough to add a pool. Central heating and air conditioning. Needs some TLC. Single story home. Court location.

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।



Ramesh Suman, Broker
BRE - 00871752 GRI, CDPE, RCS-D
RES.NET AMP REO Certified
HAFA Short Sale Sepcialist
Director - East Bay Regional Data, Inc.
925) 779-1234



Deo Raj "Dave" Singh, Realtor
BRE License - 01789784
Direct: (925)766-3280
E-mail: Dave@MajesticHomes.us



Rajbir S. Sarkaria, Realtor
BRE License - 01499991
Direct: (925)766-5784
E-mail: Raj@MajesticHomes.us

2006 A Street, Suite 219, Antioch, CA 94509
Service Excellence - Experience the Difference
WWW.MajesticHomes.US Email: Ramesh@RameshSuman.com

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)-8

## ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥?



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਰੱਬ ਨਾਲ ਗੱਲਾਂ ਕਿਹੜੀ ਬੋਲੀ ਵਿੱਚ ਕੀਤੀਆਂ ਜਾ ਸਕਦੀਆਂ ਅਤੇ ਉਹ ਕਿਹੜੀ ਭੇਟਾ ਪ੍ਰਵਾਨ ਕਰਦਾ ਹੈ? ਜਪੁਜੀ ਦੀ ਚੌਥੀ ਪਾਉੜੀ ਵਿੱਚ ਇਸ ਸਵਾਲ ਦਾ ਜਵਾਬ ਇਉਂ ਹੈ-ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰ॥(ਜਪੁਜੀ) ਭਾਖਿਆ-ਭਾਸ਼ਾ, ਬੋਲੀ ਅਤੇ ਭਾਉ-ਪਿਆਰ। ਦੁਨੀਆਂ ਦਾ ਹਰੇਕ ਇਨਸਾਨ ਕਿਸੇ ਵੀ ਬੋਲੀ ਵਿੱਚ ਰੱਬ ਨਾਲ ਗੱਲਾਂ ਕਰ ਸਕਦੈ, ਜੇ ਉਸ ਬੋਲੀ ਵਿੱਚ ਰੱਬੀ ਪਿਆਰ ਨਾਲ ਕਰੇ। ਪ੍ਰਮਾਤਮਾਂ ਖੁਦ ਪ੍ਰੇਮ ਰੂਪ ਹੋ ਸਾਰੇ ਸੰਸਾਰ ਵਿੱਚ ਵਸਿਆ ਹੋਇਆ ਹੈ। ਚਲਾਕ ਬ੍ਰਾਹਮਣ ਨੇ ਲੋਕਾਈ ਵਿੱਚ ਇਹ ਪ੍ਰਚਾਰਿਆ ਹੋਇਆ ਸੀ ਕਿ ਸੰਸਕ੍ਰਿਤ ਰੱਬੀ ਬੋਲੀ ਹੈ ਤੇ ਉਸ ਨਾਲ ਇਸ ਬੋਲੀ ਵਿੱਚ ਹੀ ਗੱਲਾਂ ਕੀਤੀਆਂ ਜਾ ਸਕਦੀਆਂ ਹਨ। ਸੰਸਕ੍ਰਿਤ ਬ੍ਰਾਹਮਣ ਹੀ ਪੜ੍ਹ, ਲਿਖ ਤੇ ਬੋਲ ਸਕਦਾ ਹੈ ਕਿਉਂਕਿ ਇਹ ਦੇਵ ਭਾਸ਼ਾ ਹੈ। ਉਸ ਨੇ ਆਪਣਾ ਤੋਰੀ ਫੁਲਕਾ ਚਲਾਉਣ ਲਈ ਧਰਮ ਗ੍ਰੰਥ ਵੀ ਇਸੇ ਭਾਸ਼ਾ ਵਿੱਚ ਲਿਖੇ। ਸ਼ੂਦਰ ਅਤੇ ਔਰਤਾਂ ਨੂੰ ਸੰਸਕ੍ਰਿਤ ਪੜ੍ਹਨ, ਲਿਖਣ, ਬੋਲਣ ਅਤੇ ਵਿਚਾਰਨ ਦਾ ਕੋਈ ਅਧਿਕਾਰ ਨਹੀਂ ਸੀ। ਇਵੇਂ ਇਸ ਨੇ ਜਨਤਾ ਨੂੰ ਲੰਬੇ ਸਮੇ ਤੱਕ ਖੂਬ ਲੁੱਟਿਆ।

ਰੱਬੀ ਭਗਤਾਂ ਅਤੇ ਸਿੱਖ ਗੁਰੂ ਸਹਿਬਾਨਾਂ ਨੇ ਹਰੇਕ ਬੋਲੀ ਪੜ੍ਹਨ, ਲਿਖਣ ਅਤੇ ਬੋਲਣ ਦਾ ਅਧਿਕਾਰ ਸਭ ਮਾਈ-ਭਾਈ ਨੂੰ ਬਰਾਬਰ ਦਿੱਤਾ। ਜਨਤਾ ਨੂੰ ਸਮਝਾ ਦਿੱਤਾ ਕਿ ਪ੍ਰੇਮ ਰੂਪ ਰੱਬ ਦੀ ਬੋਲੀ ਵੀ ਪਿਆਰ ਹੈ। ਦੁਨੀਆਂ ਦਾ ਕੋਈ ਮਾਈ-ਭਾਈ ਕਿਸੇ ਵੀ ਬੋਲੀ ਵਿੱਚ ਗੁਣ ਗਾਉਂਦਾ, ਉਸ ਨੂੰ ਪਿਆਰ ਕਰ ਅਤੇ ਪਾ ਸਕਦਾ ਹੈ। ਰੱਬ ਦਨੀਆਂ ਦੀ ਹਰੇਕ ਭਾਸ਼ਾ ਸਮਝਦਾ ਹੈ ਇਸ ਕਰਕੇ ਮਜਹਬੀ ਕਟੜਵਾਦੀਆਂ ਤੋਂ ਡਰਨ ਦੀ ਲੋੜ ਨਹੀਂ।

ਇਕੱਲੀ ਸੰਸਕ੍ਰਿਤ ਜਾਂ ਅਰਬੀ ਹੀ ਰੱਬੀ ਭਾਸ਼ਾ ਨਹੀਂ, ਦੁਨੀਆਂ ਦੀ ਹਰੇਕ ਭਾਸ਼ਾ ਵਿੱਚ ਹੀ ਉਸ ਨੂੰ ਯਾਦ ਅਤੇ ਉਸ ਦੀ ਸਿਫਤ ਸਲਾਹ ਕੀਤੀ ਜਾ ਸਕਦੀ ਹੈ। ਵੱਡੀ ਵਡਿਆਈ ਵਾਲੇ ਪ੍ਰਮਾਤਮਾਂ ਦਾ ਸ਼ਬਦ ਭਾਵ ਗਿਆਨ ਵੀ ਸਦੀਵੀ ਸੱਚਾ, ਭਾਖਿਆ (ਬੋਲੀ) ਵੀ ਸੱਚ ਹੈ-ਵਡੀ ਵਡਿਆਈ ਨਾਨਕ ਕਰਤੇ ਕੀ ਸਾਚੁ ਸਬਦੁ ਸਤਿ ਭਾਖਿਆ॥੨॥ (੬੨੦)

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥.... (ਜਪੁਜੀ) ਉਹ ਕਿਹੜੀ ਭੇਟਾ ਪ੍ਰਵਾਨ ਕਰਦਾ ਅਤੇ ਉਸ ਦਾ ਠਾਠ ਬਾਠ ਤਖਤ ਰੂਪ ਦਰਬਾਰ ਕਿਵੇਂ ਦਿੱਸੇ? ਉਹ ਪ੍ਰੇਮ ਪਿਆਰ, ਸ਼ੁਭ ਗੁਣਾਂ ਅਤੇ ਸ਼ੁਭ ਵਿਚਾਰਾਂ ਦੀ ਭੇਟਾ ਪ੍ਰਵਾਨ ਕਰਦਾ ਹੈ। ਪਦਾਰਥਾਂ ਦੀ ਭੇਟਾ ਨਾਲ ਉਸ ਨੂੰ ਰੀਝਾਇਆ ਨਹੀਂ ਜਾ ਸਕਦਾ।

ਬਾਮਣ, ਮੁੱਲਾਂ, ਗ੍ਰੰਥੀ, ਪੁਜਾਰੀ ਅਤੇ ਭੇਖੀ ਸਾਧ ਸੰਤ ਹੀ ਉਸ ਨੂੰ ਖੁਸ਼ ਕਰਨ ਦੇ ਬਹਾਨੇ ਤਰ੍ਹਾਂ ਤਰ੍ਹਾਂ ਦੀਆਂ ਕੀਮਤੀ ਭੇਟਾਵਾਂ ਚੜ੍ਹਾਉਣ ਲਈ ਜਨਤਾ ਨੂੰ ਠੱਗ ਸਿਖਿਆ ਦਿੰਦੇ ਅਤੇ ਡਰਾਉਂਦੇ ਰਹਿੰਦੇ ਹਨ। ਗੁਰਬਾਣੀ ਦਰਸਾਉਂਦੀ ਹੈ ਕਿ ਆਪ ਗਵਾ ਕੇ ਹੀ, ਉਸ ਨੂੰ ਪਾਇਆ ਜਾ ਸਕਦਾ ਹੈ-ਆਪ ਗਵਾਈਐ ਤਾ ਸਹੁ ਪਾਈਐ...॥ (੭੨੨) ਉਸ ਦੀ ਬੋਲੀ ਪਿਆਰ ਅਤੇ ਉਹ ਆਪਾ ਸਮਰਪਣ ਭੇਟਾ ਹੀ ਪ੍ਰਵਾਨ ਕਰਦਾ ਹੈ। ਸੋ ਜਨਤਾ ਲੋਟੂ ਪੁਜਾਰੀਆਂ ਤੋਂ ਬਚਨ ਲਈ ਆਪ ਆਪੋ ਆਪਣੇ ਗ੍ਰੰਥ ਪੜ੍ਹੋ ਅਤੇ ਦੁਨਿਆਵੀ ਵਿਦਿਆ ਲੈ ਕੇ, ਪੁਜਾਰੀਆਂ ਅਤੇ ਰਾਜਨੀਤਕ ਲੀਡਰਾਂ ਦੀ ਗੁਲਾਮੀ ਤੋਂ ਅਜ਼ਾਦ ਹੋਵੋ। **(ਚਲਦਾ)**

# ਭਾਰਤ ਦੇ ਇਤਿਹਾਸ ਵਿੱਚ ਪਹਿਲਾ ਆਨਲਾਈਨ ਗਾਇਨ ਮੁਕਾਬਲਾ

**ਨਵੀਂ ਦਿੱਲੀ-** ਸਿੱਖ ਕਲਚਰਲ ਸੋਸਾਇਟੀ ਵਲੋਂ ਰਚਨਾਸ਼ਾਲਾ ਦੇ ਸਹਿਯੋਗ ਨਾਲ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ 2 ਨਵੰਬਰ ਤੋਂ 18 ਨਵੰਬਰ ਤਕ ਆਨਲਾਇਨ ਗਾਇਨ ਮੁਕਾਬਲੇ ਦਾ ਆਯੋਜਨ ਕੀਤਾ ਗਿਆ ਹੈ। ਇਸ ਮੁਕਾਬਲੇ ਲਈ ਉਮਰ ਦੇ ਲਿਹਾਜ਼ ਨਾਲ ਤਿੰਨ ਵਰਗ ਬਣਾਏ ਗਏ ਹਨ। ਪਹਿਲੇ ਵਰਗ ਵਿੱਚ 14 ਵਰ੍ਹਿਆਂ ਤਕ, ਦੂਸਰੇ ਵਰਗ ਵਿੱਚ 14 ਵਰ੍ਹਿਆਂ ਤੋਂ 60 ਵਰ੍ਹਿਆਂ ਅਤੇ ਤੀਸਰੇ ਵਰਗ ਵਿੱਚ 60 ਵਰ੍ਹਿਆਂ ਤੋਂ ਵੱਧ ਦੇ ਪ੍ਰਤੀਯੋਗੀ ਸ਼ਾਮਲ ਹਨ। ਗੈਰ-ਪੇਸ਼ੇਵਰਾਂ ਲਈ ਇਹ ਮੁਕਾਬਲਾ ਦੋ ਦੌਰਾਂ ਵਿੱਚ ਹੋ ਰਿਹਾ ਹੈ।

ਇਸ ਮੌਕੇ ਤੇ ਬੋਲਦਿਆਂ ਸ. ਅਮਰਜੀਤ ਸਿੰਘ ਕੋਹਲੀ ਚੇਅਰਮੈਨ ਸੱਖਾ ਕਲਚਰਲ ਸੋਸਾਇਟੀ, ਜੋ ਛੇਤੀ ਹੀ ਪ੍ਰਦਰਸ਼ਤ ਹੋ ਰਹੀ ਫਿਲਮ '30 ਮਿੰਟ' ਦੇ ਕਾਰਜਕਾਰੀ ਨਿਰਮਾਤਾ ਵੀ ਹਨ, ਨੇ ਕਿਹਾ ਕਿ ਇਸ ਮੁਕਾਬਲੇ ਨਾਲ ਸੰਬੰਧਤ ਨਿਯਮ ਆਦਿ ਵੇਰਵੇ ਉਨ੍ਹਾਂ ਦੀ ਵੈੱਬਸਾਈਟ www. sakhaculturalsoci-ety. org ਪੁਰ ਉਪਲਬੱਧ ਹਨ। ਉਨ੍ਹਾਂ ਕਿਹਾ ਕਿ ਆਮ ਤੋਰ ਤੇ ਟੀਵੀ ਤੇ ਹੋਣ ਵਾਲੇ ਗਾਇਨ ਮੁਕਾਬਲੇ ਦੇ ਅਰੰਭਕ ਮੁਕਾਬਲੇ, ਜੋ ਕਿ ਮੁੰਬਈ, ਦਿੱਲੀ, ਕੋਲਕੱਤਾ, ਲਖਨਊ ਆਦਿ ਵੱਡੇ ਸ਼ਹਿਰਾਂ ਵਿੱਚ ਹੁੰਦੇ ਹਨ, ਵਿੱਚ ਹਿਸਾ ਲੈਣ ਲਈ ਇੱਕ ਗਾਇਕ ਛੋਟੇ ਸ਼ਹਿਰਾਂ ਤੋਂ ਨਿਜੀ ਤੋਰ ਤੇ ਪੁਜਦਾ ਹੈ। ਜਿਸ ਕਾਰਣ ਇਨ੍ਹਾਂ ਮੁਕਾਬਲਿਆਂ ਵਿੱਚ ਪਿੰਡਾਂ ਦੇ ਗਾਇਕ ਮੁਸ਼ਕਿਲ ਨਾਲ ਹੀ ਹਿਸਾ ਲੈ ਪਾਂਦੇ ਹਨ। ਸ. ਅਮਰਜੀਤ ਸਿੰਘ ਕੋਹਲੀ ਨੇ ਭਾਰਤ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਵਲੋਂ ਡਿਜੀਟਲ ਇੰਡੀਆ ਦੇ ਕੀਤੇ ਗਏ ਵਿਸਤਾਰ ਦੀ ਜੋ ਪਹਿਲ ਕੀਤੀ ਗਈ ਹੈ, ਉਸ ਨਾਲ ਤੇਜ਼ ਰਫਤਾਰ ਇੰਟਰਨੈੱਟ ਸੇਵਾ ਪਿੰਡਾਂ ਤਕ ਉਪਲਬੱਧ ਹੋ ਰਹੀ ਹੈ। ਇਸਦੇ ਸਹਾਰੇ ਹੁਣ ਦਿਹਾਤੀ ਖੇਤਰ ਵਿਚਲੇ ਗਾਇਕ ਵੀ ਆਨਲਾਈਨ ਗਾਇਨ ਮੁਕਾਬਲੇ ਵਿੱਚ ਹਿਸਾ ਲੈ ਸਕਦੇ ਹਨ। ਸ. ਅਮਰਜੀਤ ਸਿੰਘ ਕੋਹਲੀ ਨੇ ਸਪਸ਼ਟ ਕੀਤਾ ਕਿ ਪਹਿਲੇ ਦੌਰ ਵਿੱਚ ਗਾਇਕ ਕਿਸੇ ਵੀ ਸਾਜ਼ ਦੀ ਵਰਤੋਂ ਨਹੀਂ ਕਰ ਸਕਦਾ। ਇਹ ਫੈਸਲਾ ਪਿੰਡਾਂ ਦੇ ਗਾਇਕ ਨੂੰ ਵੱਡੇ ਸ਼ਹਿਰਾਂ ਦੇ ਗਾਇਕ ਦੇ ਬਰਾਬਰ ਲਿਆ ਖੜਿਆਂ ਕਰਦਾ ਹੈ, ਕਿਉਂਕਿ ਬਹੁਤੇ ਪਿੰਡਾਂ ਵਿੱਚ ਸਾਜ਼ਾਂ ਦੀ ਸਹੂਲਤ ਉਪਲਬੱਧ ਨਹੀਂ। ਉਨ੍ਹਾਂ ਹੋਰ ਦਸਿਆ ਕਿ ਟੀਵੀ ਮੁਕਾਬਲੇ ਵਿੱਚ ਗਾਇਕ ਵਧੇਰੇ ਗ੍ਰੇਡ ਲਈ ਵੋਟਿੰਗ ਦਾ ਪ੍ਰਬੰਧ ਕਰਨ ਲਈ ਸਮਾਗਮ ਵਿੱਚ ਹਾਜ਼ਰੀਨ ਨਾਲ ਸਿੱਧਾ ਰੂ-ਬ-ਰੂ ਹੋ ਸਕਦਾ ਹੈ, ਪ੍ਰੰਤੂ ਆਨਲਾਈਨ ਮੁਕਾਬਲੇ ਵਿੱਚ ਜੱਜ ਨੇ ਗਾਇਕ ਦੀ ਅਵਾਜ਼ ਨੂੰ ਹੀ ਕੁਆਲਟੀ ਅਤੇ ਮੈਰਿਟ ਦੇ ਆਧਾਰ ਤੇ ਵਿਚਾਰਨਾ ਹੈ। ਜਿਸ ਕਾਰਣ ਇਹ ਪ੍ਰਕ੍ਰਿਆ ਆਪਣੇ ਆਪ ਵਿੱਚ




ਫੂਲ-ਪਰੂਫ ਹੈ। ਇਸ ਵਿੱਚ ਨਾ ਤਾਂ ਗਾਇਕ ਜੱਜ ਪੁਰ ਆਪਣੇ ਪੱਖ ਵਿੱਚ ਦਬਾਉ ਬਣਾ ਸਕਦਾ ਹੈ ਅਤੇ ਨਾ ਹੀ ਜੱਜ ਨੂੰ ਪ੍ਰਭਾਵਤ ਕਰ ਸਕਦਾ ਹੈ। ਨਾ ਤਾਂ ਜੱਜ ਨੂੰ ਪਤਾ ਹੁੰਦਾ ਹੈ ਕਿ ਗਾਇਕ ਕੌਣ ਹੈ ਅਤੇ ਨਾ ਹੀ ਗਾਇਕ ਨੂੰ ਪਤਾ ਹੁੰਦਾ ਹੈ ਕਿ ਜੱਜ ਕੌਣ ਹੈ। ਸ੍ਰੀ ਨਰਿੰਦਰ ਸਿੰਘ ਪ੍ਰਧਾਨ ਰਚਨਾਸ਼ਾਲਾ ਨੇ ਆਪਣੇ ਸੰਬੋਧਨ ਵਿੱਚ ਦਸਿਆ ਕਿ ਪਹਿਲੇ ਦੌਰ ਵਿੱਚ ਗਾਇਕਾਂ ਨੂੰ ਆਉਣ ਵਾਲੀ ਹਿੰਦੀ ਫਿਲਮ '30 ਮਿਨਟ', ਜੋ ਕਿ ਸਾਰੇ ਭਾਰਤ ਵਿੱਚ ਸ਼ੁਕਰਵਾਰ 11 ਨਵੰਬਰ ਨੂੰ ਪ੍ਰਦਰਸ਼ਤ ਹੋ ਰਹੀ ਹੈ ਦੇ ਹੀ ਇਕ ਗੀਤ ਨੂੰ ਗਾਉਣਾ ਹੋਵੇਗਾ। ਉਨ੍ਹਾਂ ਦੱਸਿਆ ਕਿ ਇਹ ਗੀਤ ਵੈੱਬਸਾਈਟ www.sakhacultural-society.org ਪੁਰ ਮੂਲ ਰੂਪ ਵਿੱਚ ਉਪਲਬੱਧ ਹੈ। ਵੈੱਬਸਈਟ ਪੁਰ ਗਾਇਕ ਦਾ ਪਹਿਲਾ ਤੇ ਅਸਲੀ ਗੀਤ ਸੁਣੋ, ਫਿਰ ਅਭਿਆਸ ਕਰ ਇਸਨੂੰ ਅੱਪਲੋਡ ਕਰ ਭੇਜ ਦਿਉ। ਅਸੀਂ ਉਸ ਗੀਤ ਨੂੰ ਸੰਗੀਤ ਦੇ ਮਾਹਿਰ ਜੱਜਾਂ ਪਾਸ ਭੇਜਾਂਗੇ। ਜੱਜ ਕੇਵਲ 100 ਗਾਇਕਾਂ ਦੀ ਚੋਣ ਕਰਨਗੇ, ਜੋ ਦੂਸਰੇ ਦੌਰ ਵਿੱਚ ਹਿਸਾ ਲੈਣ ਦੇ ਯੋਗ ਹੋਣਗੇ। ਦੂਸਰੇ ਦੌਰ ਵਿੱਚ ਗਾਇਕ ਗਾਉਣ ਲਈ ਕਿਸੇ ਵੀ ਫਿਲਮੀ ਜਾਂ ਗੈਰ-ਫਿਲਮੀ ਗੀਤ, ਕਿਸੇ ਵੀ ਭਾਸ਼ਾ ਦੇ ਲੋਕ ਗੀਤ ਅਤੇ ਇੱਛਤ ਸਾਜ਼ ਦੀ ਚੋਣ ਕਰ ਸਕੇਗਾ। ਗਾਏ ਗਏ ਇਹ ਗੀਤ ਮੁੜ ਜੱਜਾਂ ਪਾਸ ਭੇਜੇ ਜਾਣਗੇ, ਜਿਨ੍ਹਾਂ ਵਿਚੋਂ ਉਹ ਕੇਵਲ 30 ਗਾਇਕਾਂ ਦੀ ਚੋਣ ਕਰਨਗੇ। ਉਨ੍ਹਾਂ ਨੂੰ ਇਕ ਤੋਂ ਬਾਅਦ ਇੱਕ ਗਾਉਣ ਲਈ ਜਨਵਰੀ-2017 ਵਿੱਚ ਸ਼ੁਰੂ ਹੋ ਰਹੇ ਆਪਣੇ 'ਲਾਈਵ ਸਟੂਡਿਊ' ਟੀਵੀ ਚੈਨਲ ਪੁਰ ਆਪਣੇ ਸ਼ੋਅ ਵਿੱਚ ਸਦਿਆ ਜਾਇਗਾ। ਗਾਇਕ ਦੀ ਰਿਕਾਰਡਿੰਗ ਅਤੇ ਉਸਦਾ ਨਾਂ ਕਈ ਟੀਵੀ ਚੈਨਲਾਂ, ਆਡੀਓ ਮਿਊਜ਼ਿਕ ਕੰਪਨੀਆਂ, ਇੰਟਰਨੈੱਟ ਚੈਨਲਾਂ ਅਤੇ ਪ੍ਰਮੁਖ ਮੈਨੇਜਮੈਂਟ ਕੰਪਨੀਆਂ ਨੂੰ ਭੇਜਿਆ ਜਾਇਗਾ। ਜੋ ਨਿਰਮਾਤਾਵਾਂ ਅਤੇ ਮਿਊਜ਼ਕ ਡਾਇਰੈਕਟਰਾਂ ਦੀ ਕਸੌਟੀ ਪੁਰ ਪੂਰੇ ਉਤਰਨਗੇ ਉਨ੍ਹਾਂ ਨੂੰ ਪਲੇਬੈਕ ਗਾਇਕ ਵਜੋਂ ਗਾਉਣ ਦਾ ਮੌਕਾ ਮਿਲ ਸਕਦਾ ਹੈ। ਪਦਮਭੂਸ਼ਨ ਕਲਾਸੀਕਲ ਗਾਇਕ ਡਾ. ਸ਼ਨੋ ਖੁਰਾਣਾ ਨੇ ਮਹਿਸੂਸ ਕੀਤਾ ਕਿ ਆਨਲਾਈਨ ਸੰਗੀਤ ਮੁਕਾਬਲੇ ਦਾ ਸੰਕਲਪ ਸਾਧਾਰਣ, ਨਿਰਪੱਖ ਅਤੇ ਫੂਲਪਰੂਫ ਹੈ, ਜਿਸਨੇ ਇਸਨੂੰ ਅਦੁਤੀ ਸਫਲਤਾ ਪ੍ਰਦਾਨ ਕਰਨ ਲਈ ਬੰਨ੍ਹਿਆ ਹੋਇਆ ਹੈ। ਸ਼੍ਰੀਮਤੀ ਸ਼ਿੱਖਾ ਵੋਹਰਾ ਬਿਸਵਾਸ (ਜਾਣੇ-ਪਛਾਣੇ ਸੰਗੀਤ ਨਿਰਦੇਸ਼ਕ ਦੀ ਬੇਟੀ), ਜੋ ਕਿ ਸਭਿਆਚਾਰਕ ਸੰਗਠਨ ਸਮ੍ਰਿਤੀ ਦੀ ਬਾਨੀ ਹੈ, ਹੈਰਾਨ ਹੋਈ ਕਿ ਇਸ ਸੰਕਲਪ ਦਾ ਫੁਰਨਾ ਸਥਾਪਤ ਫਿਲਮ ਨਿਰਮਾਤਾਵਾਂ ਨੂੰ ਕਿਉਂ ਨਾ ਫੁਰਿਆ। ਅਨੁਜ ਸਿਨਹਾ, ਜਿਸਨੂੰ ਇਸ ਫਿਲਮ ਵਿੱਚ ਇੱਕ ਗਾਇਕ ਦੇ ਰੂਪ ਵਿੱਚ ਬਰੇਕ ਮਿਲਿਆ ਹੈ, ਨੇ ਕਿਹਾ ਕਿ ਇਸ ਫਿਲਮ ਰਾਹੀਂ ਉਸਨੂੰ ਆਪਣੇ 28 ਵਰ੍ਹਿਆਂ ਦੇ ਸੰਘਰਸ਼ ਨੂੰ ਅੱਗੇ ਵਧਾਉਣ ਦਾ ਮੌਕਾ ਮਿਲਿਆ ਹੈ। ਉਸਨੇ ਕਿਹਾ ਕਿ ਆਨਲਈਨ ਸੰਗੀਤ ਮੁਕਾਬਲਿਆਂ ਦੇ ਫਲਸਰੂਪ ਗਾਇਕਾਂ ਅਤੇ ਸੰਗੀਤ ਨਿਰਦੇਸ਼ਕਾ ਵਿਚਲੇ ਕਈ ਵਿਚੋਲੇ ਹੱਟ ਜਾਣਗੇ ਅਤੇ ਗਾਇਕਾਂ ਨੂੰ ਪਲੇਬੈਕ ਗਾਇਨ ਦਾ ਮੌਕਾ ਮਿਲਣਾ ਸਹਿਜ ਹੋ ਜਾਇਗਾ।

**ਰਿਪੋਰਟ- ਜਸਵੰਤ ਸਿੰਘ ਅਜੀਤ**

# ਸਤਿਗੁਰੂ ਸੈਣ ਜੀ ਦਾ ਪ੍ਰਕਾਸ਼ ਉਤਸਵ 13 ਨੂੰ



**ਯੂਬਾ ਸਿਟੀ (ਬਿਊਰੋ)-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 13 ਨਵੰਬਰ ਦਿਨ ਐਤਵਾਰ ਨੂੰ ਸਤਿਗੁਰੂ ਸੈਣ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ, ਜਿਸ ਸਬੰਧੀ 11 ਨਵੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ ਅਤੇ 13 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਜਿਸ ਵਿਚ ਪੰਥ ਪ੍ਰਸਿੱਧ ਕਥਾਵਾਚਕ ਕੀਰਤਨੀ ਸੰਗਤਾਂ ਨੂੰ ਗੁਰਬਾਣੀ ਕਥਾ ਕੀਰਤਨ ਦੁਆਰਾ ਨਿਹਾਲ ਕਰਨਗੇ। ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

# ਸ਼ਹੀਦ ਕਰਤਾਰ ਸਿੰਘ ਸਰਾਭਾ ਸ਼ਹੀਦੀ ਯਾਦਗਾਰੀ ਸਮਾਗਮ 12 ਨਵੰਬਰ ਨੂੰ




**ਸੈਨ ਫਰਾਂਸਿਸਕੋ-** ਇੰਡੋ ਅਮੈਰਿਕਨ ਹੈਰੀ-ਟੇਜ ਫੋਰਮ ਫਰਿਜ਼ਨੋ, ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਕੈਲੇਫੋਰਨੀਆ ਸੈਕਰਾਮੈਂਟੋ, ਇੰਡੋ ਅਮੈਰਿਕਨ ਦੇਸ਼ ਭਗਤ ਫਾਊਂਡੇਸ਼ਨ ਬੇ-ਏਰੀਆ ਵੱਲੋਂ ਗਦਰ ਪਾਰਟੀ ਦੇ ਮੁਢਲੇ ਦਫਤਰ 5 ਵੂੱਡ ਸਟ੍ਰੀਟ ਸੈਨ ਫਰਾਂਸਿਸਕੋ ਵਿਖੇ 12 ਨਵੰਬਰ 2015 ਦਿਨ ਸ਼ਨਿਚਰਵਾਰ ਨੂੰ ਸ਼ਹੀਦ ਕਰਤਰ ਸਿੰਘ ਸਰਾਭਾ ਸ਼ਹੀਦੀ ਯਾਦਗਾਰੀ ਸਮਾਗਮ ਦੁਪਹਿਰੇ 12 ਤੋਂ 4 ਵਜੇ ਤੱਕ ਸਮੂਹ ਸਾਥੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਸਮੂਹ ਭਾਰਤੀ ਭਾਈਚਾਰੇ ਨੂੰ ਸ਼ਾਮਲ ਹੋਣ ਲਈ ਪ੍ਰਬੰਧਕਾਂ ਵੱਲੋਂ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਹੋਰ ਜਾਣਕਾਰੀ ਲਈ ਸੁਰਿੰਦਰ ਸਿੰਘ ਮੰਢਾਲੀ 559-473, ਨਵਦੀਪ ਧਾਲੀਵਾਲ 559-287-0822, ਬਲਵੀਰ ਸਿੰਘ ਜੌਹਲ 408-592-4044, ਪੰਕਜ ਆਂਸਲ 408-515-3178 ਜਾਂ ਕੁਲਦੀਪ ਸਿੰਘ ਅਟਵਾਲ ਨਾਲ 209-725-1313 ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਆਉਂਦੇ 5 ਸਾਲਾਂ ਵਿੱਚ ਰਾਜ ਦੇ 12 ਹਜ਼ਾਰ ਪਿੰਡਾਂ ਵਿੱਚ ਸੀਵਰੇਜ, ਸੋਲਰ ਲਾਇਟਾਂ ਅਤੇ ਕੰਕਰੀਟ ਦੀਆਂ ਗਲੀਆਂ ਬਣਾਈਆ ਜਾਣਗੀਆਂ-ਸੁਖਬੀਰ ਸਿੰਘ ਬਾਦਲ

**ਫਗਵਾੜਾ ( ਬੀ. ਕੇ. ਰੱਤੂ )-** ਪੰਜਾਬ ਸਰਕਾਰ ਵੱਲੋਂ ਆਪਣੇ 9 ਸਾਲਾਂ ਤੋਂ ਵੱਧ ਦੇ ਕਾਰਜਕਾਲ ਦੌਰਾਨ ਰਾਜ ਵਿੱਚ ਰਿਕਾਰਡਤੋੜ ਵਿਕਾਸ ਕਰਵਾਇਆ ਗਿਆ ਹੈ ਅਤੇ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਤੇਜ਼ ਰਫ਼ਤਾਰ ਨਾਲ ਚਲ ਰਹੇ ਹਨ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਉੱਪ ਮੁੱਖ ਮੰਤਰੀ ਪੰਜਾਬ ਸ੍ਰ. ਸੁਖਬੀਰ ਸਿੰਘ ਬਾਦਲ ਨੇ ਹਲਕਾ ਫਗਵਾੜਾ ਦੇ ਪਿੰਡ ਨੰਗਲ ਮੱਝਾ ਵਿਖੇ ਕੈਂਸਰ ਚੈੱਕ-ਅੱਪ ਅਤੇ ਅੱਖਾਂ ਦੇ ਕੈਂਪ ਦਾ ਉਦਘਾਟਨ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੇ ਮੁੜ ਸੱਤਾ ਵਿੱਚ ਆਉਣ 'ਤੇ ਆਉਂਦੇ 5 ਸਾਲਾਂ ਵਿੱਚ ਰਾਜ ਦੇ 12 ਹਜ਼ਾਰ ਤੋਂ ਵੱਧ ਪਿੰਡਾਂ ਵਿੱਚ 35 ਹਜ਼ਾਰ ਕਰੋੜ ਰੁਪਏ ਖਰਚ ਕੇ ਸੀਵਰੇਜ, ਸੋਲਰ ਲਾਇਟਾਂ ਅਤੇ ਕੰਕਰੀਟ ਦੀਆਂ ਪੱਕੀਆਂ ਗਲੀਆਂ ਬਣਾਈਆ ਜਾਣਗੀਆਂ। ਸ੍ਰ. ਸੁਖਬੀਰ ਸਿੰਘ ਬਾਦਲ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਪੰਜਾਬ ਦੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਪਿਛਲੇ ਸਮੇਂ ਦੌਰਾਨ ਰਾਜ ਦੀਆਂ ਵੱਡੀਆਂ ਮੁਸ਼ਕਿਲਾਂ ਜਿਵੇਂ ਬਿਜਲੀ ਦੀ ਸਮੱਸਿਆ ਅਤੇ ਸੜਕਾਂ ਦੇ ਪੁਨਰ-ਨਿਰਮਾਣ ਆਦਿ ਦੀਆਂ ਸਮੱਸਿਆਵਾਂ ਨੂੰ ਦੂਰ ਕੀਤਾ ਹੈ। ਉਹਨਾਂ ਕਿਹਾ ਕਿ ਦੁਆਬੇ ਦੇ ਲੋਕ ਵੱਡੀ ਗਿਣਤੀ ਵਿੱਚ ਵਿਦੇਸ਼ਾਂ ਵਿੱਚ ਰਹਿੰਦੇ ਹਨ ਅਤੇ ਉਹਨਾਂ ਦੀ ਸਹੂਲਤ ਲਈ ਜਲਦੀ ਹੀ ਆਦਮਪੁਰ ਏਅਰਪੋਰਟ ਨੂੰ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਮੌਕੇ ਸਤਲੁਜ-ਯਮਨਾ ਲਿੰਕ ਨਹਿਰ ਦੇ ਮੁੱਦੇ 'ਤੇ ਪੱਤਰਕਾਰਾਂ ਦੇ ਪੁੱਛੇ ਸਵਾਲ ਦਾ ਜਵਾਬ




ਦਿੰਦਿਆਂ ਉੱਪ-ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦਾ ਇੱਕ ਬੂੰਦ ਪਾਣੀ ਵੀ ਬਾਹਰ ਨਹੀਂ ਜਾਣ ਦਿੱਤਾ ਜਾਵੇਗਾ, ਇਸ ਲਈ ਸ਼੍ਰੋਮਣੀ ਅਕਾਲੀ ਦਲ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਹੈ। ਇਸ ਮੌਕੇ ਆਪਣੇ ਸੰਬੋਧਨ ਵਿੱਚ ਸ੍ਰ. ਬਾਦਲ ਨੇ ਕਿਹਾ ਕਿ ਦੁਆਬੇ ਵਿੱਚ ਐੱਨ. ਆਰ. ਆਈ. ਭਰਾਵਾਂ ਨੇ ਆਪਣਾ ਵਡਮੁੱਲਾ ਸਹਿਯੋਗ ਦੇ ਕੇ ਪਿੰਡਾਂ ਦਾ ਵਿਕਾਸ ਕੀਤਾ ਹੈ।ਉਹਨਾਂ ਕਿਹਾ ਕਿ ਉਹ ਵਿਦੇਸ਼ਾਂ ਵਿੱਚ ਰਹਿ ਕੇ ਵੀ ਆਪਣੇ ਘਰ ਅਤੇ ਪਿੰਡਾਂ ਨੂੰ ਨਹੀਂ ਭੁੱਲੇ ਅਤੇ ਸਮੇਂ-ਸਮੇਂ 'ਤੇ ਹਮੇਸ਼ਾਂ ਤਨ, ਮਨ ਅਤੇ ਧਨ ਨਾਲ ਪਿੰਡਾਂ ਦੇ ਸਾਂਝੇ ਕੰਮਾਂ ਵਿੱਚ ਯੋਗਦਾਨ ਪਾਉਂਦੇ ਹਨ। ਉਹਨਾਂ ਕਿਹਾ ਕਿ ਪੰਜਾਬ ਨਾਲੋਂ ਵੱਧ ਪੰਜਾਬੀ ਵਿਦੇਸ਼ਾ ਵਿੱਚ ਰਹਿ ਰਹੇ ਹਨ, ਜਿੰਨ੍ਹਾਂ ਦੇ ਸਖਤ ਮਿਹਨਤ ਨਾਲ ਆਪਣਾ ਨਾਂ ਕਮਾਇਆ ਹੈ ਅਤੇ ਪੰਜਾਬ ਦਾ ਨਾਮ ਰੋਸ਼ਨ ਕੀਤਾ ਹੈ। ਇਸ ਮੌਕੇ ਉਹਨਾਂ ਪਿੰਡ ਨੰਗਲ ਮੱਝਾ ਦੇ ਵਿਕਾਸ ਕਾਰਜਾਂ ਲਈ ਲੱਗਭੱਗ 40 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਵੀ ਐਲਾਨ ਕੀਤਾ। ਉਹਨਾਂ ਪਿੰਡ ਵਿੱਚ ਕੰਕਰੀਟ ਦੀਆਂ ਟਾਇਲਾਂ ਲਗਾਉਣ ਲਈ 15 ਲੱਖ ਰੁਪਏ, ਸਟੇਡੀਅਮ ਦੀ ਉਸਾਰੀ ਲਈ 10 ਲੱਖ ਰੁਪਏ, ਪਿੰਡ ਵਿੱਵ ਸੋਲਰ ਲਾਇਟਾਂ ਲਾਉਣ ਲਈ 5 ਲੱਖ ਰੁਪਏ, ਪਿੰਡ ਦੀਆਂ ਦੋ ਧਰਮਸ਼ਾਲਾਵਾਂ ਲਈ ਡੇਢ-ਡੇਢ ਲੱਖ ਰੁਪਏ ਦੀ ਗ੍ਰਾਂਟ ਦੇਣ ਤੋਂ ਇਲਾਵਾਂ ਪਿੰਡ ਦੀ ਫੁੱਟਬਾਲ ਗਰਾਂਉਂਡ ਵਿੱਚ ਲਾਇਟਾਂ ਅਤੇ ਟਰਾਂਸਫਾਰਮਰ ਲਗਾਉਣ ਲਈ ਲੋੜੀਂਦੀ ਰਾਸ਼ੀ ਦੇਣ ਦਾ ਐਲਾਨ ਵੀ ਕੀਤਾ। ਇਸ ਮੌਕੇ ਹਲਕਾ ਵਿਧਾਇਕ ਸ੍ਰੀ ਸੋਮ ਪ੍ਰਕਾਸ਼ ਵੱਲੋਂ ਉੱਪ-ਮੁੱਖ ਮੰਤਰੀ ਪੰਜਾਬ ਸ੍ਰ. ਸੁਖਬੀਰ ਸਿੰਘ ਬਾਦਲ ਨੂੰ ਜੀ ਆਇਆ ਆਖਦਿਆਂ ਪਿੰਡ ਦੇ ਵਿਕਾਸ ਲਈ ਦਿੱਤੀ ਗ੍ਰਾਂਟ ਲਈ ਧੰਨਵਾਦ ਵੀ ਕੀਤਾ। ਇਸ ਮੌਕੇ ਸ੍ਰ. ਜਰਨੈਲ ਸਿੰਘ ਵਾਹਦ ਚੇਅਰਮੈਨ ਮਾਰਕਫੈੱਡ ਪੰਜਾਬ, ਸ੍ਰੀ ਹਰਮਿੰਦਰ ਸਿੰਘ ਗਿੱਲ ਐੱਨ. ਆਰ. ਆਈ., ਸ੍ਰੀ ਜਸਕਿਰਨ ਸਿੰਘ ਡਿਪਟੀ ਕਮਿਸ਼ਨਰ, ਸ੍ਰੀ ਰਜਿੰਦਰ ਸਿੰਘ ਐੱਸ. ਐੱਸ. ਪੀ. ਤੋਂ ਇਲਾਵਾ ਇਲਾਕੇ ਦੇ ਪੰਚ, ਸਰਪੰਚ ਅਤੇ ਅਕਾਲੀ-ਭਾਜਪਾ ਆਗੂ ਵੀ ਹਾਜ਼ਰ ਸਨ।

# ਆਸਟ੍ਰੇਲੀਆ ਵਿਚ ਪੰਜਾਬੀ ਨੌਜਵਾਨ ਦੀ ਮੌਤ 'ਤੇ ਬਸਪਾ ਨੇ ਕੀਤਾ ਦੁੱਖ ਦਾ ਪ੍ਰਗਟਾਵਾ

**ਫਗਵਾੜਾ (ਬੀ ਕੇ ਰੱਤੂ)-** ਆਸਟ੍ਰੇਲੀਆ ਵਿਚ ਪੰਜਾਬ ਦੇ ਲਹਿਰਾਗਾਗਾ ਦੇ ਤਹਿਤ ਆਉਂਦੇ ਪਿੰਡ ਅਲੀਸ਼ੇਰ ਦੇ ਨੌਜਵਾਨ ਸਿੰਗਰ ਮਨਮੀਤ ਅਲੀਸ਼ੇਰ ਦੀ ਹੱਤਿਆ ਦੀ ਘਟਨਾ ਦੀ ਬਸਪਾ ਸੂਬਾ ਪ੍ਰਧਾਨ ਰਸ਼ਪਾਲ ਰਾਜੂ ਨੇ ਨਿੰਦਾ ਕੀਤੀ ਹੈ। ਪੰਜਾਬੀ ਨੌਜਵਾਨ ਨੂੰ ਜ਼ਿੰਦਾ ਸਾੜਨ ਵਾਲੀ ਇਸ ਘਟਨਾ 'ਤੇ ਦੁੱਖ ਪ੍ਰਗਟ ਕਰਦੇ ਹੋਏ ਸ੍ਰੀ ਰਾਜੂ ਨੇ ਕਿਹਾ ਕਿ ਵਿਦੇਸ਼ਾਂ ਵਿਚ ਵਸੇ ਪੰਜਾਬੀਆਂ ਖਿਲਾਫ ਲਗਾਤਾਰ ਅਜਿਹੀਆਂ ਹਿੰਸਕ ਘਟਨਾਵਾਂ ਹੋ ਰਹੀਆਂ ਹਨ, ਜੋ ਕਿ ਮੰਦਭਾਗੀਆਂ ਹਨ। ਭਾਰਤ ਸਰਕਾਰ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੀ ਸੁਰੱਖਿਆ ਲਈ ਉੱਥੇ ਦੀਆਂ ਸਰਕਾਰਾਂ ਨਾਲ ਗੱਲਬਾਤ ਕਰਕੇ ਯੋਗ ਪ੍ਰਬੰਧ ਕਰੇ।

ਸ੍ਰੀ ਰਾਜੂ ਨੇ ਕਿਹਾ ਕਿ ਮਨਮੀਤ ਅਲੀਸ਼ੇਰ ਦੀ ਮੌਤ ਦੇ ਮਾਮਲੇ ਵਿਚ ਭਾਰਤ ਸਰਕਾਰ ਦਖਲ ਦੇਵੇ, ਤਾਂਕਿ ਦੋਸ਼ੀ ਨੂੰ ਸਖਤ ਸਜਾ ਦਿਵਾਈ ਜਾ ਸਕੀ। ਇਸ ਦੁੱਖ ਦੀ ਘੜੀ ਵਿਚ ਬਸਪਾ ਪੀੜਤ ਪਰਿਵਾਰ ਨਾਲ ਖੜੀ ਹੈ। ਇਸ ਤੋਂ ਇਲਾਵਾ ਬਸਪਾ ਸੂਬਾ ਪ੍ਰਧਾਨ ਨੇ ਇਹ ਵੀ ਕਿਹਾ ਕਿ ਪੰਜਾਬ ਵਿਚ ਇੱਥੇ ਦੀ ਅਕਾਲੀ-ਭਾਜਪਾ ਸਰਕਾਰ ਵਲੋਂ ਭੇਦਭਾਵ ਦੀ ਨੀਤੀ ਅਪਣਾਈ ਜਾ ਰਹੀ ਹੈ। ਪੰਜਾਬ ਸਰਕਾਰ ਵਲੋਂ ਜਿਹੜੀਆਂ ਭਰਤੀਆਂ ਕੀਤੀਆਂ ਜਾ ਰਹੀਆਂ ਹਨ, ਉਸ ਵਿਚ ਰਾਖਵਾਂਕਰਨ ਨੀਤੀ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ। ਅਕਾਲੀ-ਭਾਜਪਾ ਸਰਕਾਰ ਵਲੋਂ ਜਾਣਬੁੱਝ ਕੇ ਦਲਿਤ ਤੇ ਪਛੜੇ ਵਰਗ ਦੇ ਜਿਹੜੇ ਵੀ ਅਪਲਾਈ ਕਰਨ ਵਾਲੇ ਨੌਜਵਾਨ ਹਨ, ਉਨ੍ਹਾਂ ਦੇ ਹਿੱਤਾਂ ਦਾ ਨੁਕਸਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਬੀਐਡ ਤੇ ਟੈਟ ਪਾਸ ਕਰਨ ਵਾਲੇ



ਨੌਜਵਾਨਾਂ ਦੀ ਭਰਤੀ ਕੀਤੀ ਗਈ ਸੀ। ਇਸ ਵਿਚ ਸਰਕਾਰ ਨੇ ਸਾਂਝੀ ਮੈਰਿਟ ਨਹੀਂ ਬਣਾਈ। ਇਸ ਤਰ੍ਹਾਂ ਕਰਕੇ ਸਰਕਾਰ ਨੇ ਦਲਿਤ-ਪਛੜੇ ਵਰਗਾਂ ਦੇ ਵਿਦਿਆਰਥੀਆਂ, ਜਿਹੜੇ ਓਪਨ ਮੈਰਿਟ ਵਿਚ ਆਉਂਦੇ੧ਓਨ, ਉਨ੍ਹਾਂ ਦੀ ਓਪਨ ਮੈਰਿਟ ਰਾਹੀਂ ਭਰਤੀ ਨਹੀਂ ਕੀਤੀ। ਇਸ ਤਰ੍ਹਾਂ ਦਲਿਤਾਂ-ਪਛੜਿਆਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਇਆ ਗਿਆ।

ਰਸ਼ਪਾਲ ਰਾਜੂ ਨੇ ਕਿਹਾ ਕਿ ਜਿਹੜੀ ਇਸ ਤਰ੍ਹਾਂ ਦੀ ਭਰਤੀ ਕੀਤੀ ਗਈ ਹੈ, ਇਸ 'ਚ ਓਪਨ ਮੈਰਿਟ ਵਿਚ ਆਉਣ ਵਾਲੇ ਰਿਜ਼ਰਵ ਕੈਟੇਗਰੀ ਦੇ ਨੌਜਵਾਨਾਂ ਦੀ ਜਨਰਲ ਵਿਚ ਭਰਤੀ ਕੀਤੀ ਜਾਵੇ। ਉਸ ਤੋਂ ਬਾਅਦ ਰਾਖਵਾਂਕਰਨ ਤਹਿਤ ਐਸਸੀ-ਓਬੀਸੀ ਦੀ ਭਰਤੀ ਕੀਤੀ ਜਾਵੇ। ਉਨ੍ਹਾਂ ਰਾਜਪਾਲ ਨੂੰ ਅਪੀਲ ਕੀਤੀ ਕਿ ਦਲਿਤਾਂ, ਪਛੜਿਆਂ ਖਿਲਾਫ ਜਿਹੜੀ ਭੇਦਭਾਵ ਵਾਲੀ ਨੀਤੀ ਅਪਣਾਈ ਜਾ ਰਹੀ ਹੈ, ਦਖਲ ਦੇ ਕੇ ਉਸਨੂੰ ਰੋਕਿਆ ਜਾਵੇ। ਬਸਪਾ ਇਸ ਭੇਦਭਾਵ ਵਾਲੀ ਨੀਤੀ ਦੀ ਨਿੰਦਾ ਕਰਦੀ ਹੈ। ਉਨ੍ਹਾਂ ਨੇ ਇਨ੍ਹਾਂ ਵਰਗਾਂ ਦੇ ਉਮੀਦਵਾਰਾਂ ਨੂੰ ਅਪੀਲ ਕੀਤੀ ਕਿ ਉਹ ਬਸਪਾ ਨੂੰ ਸੱਤਾ ਵਿਚ ਲਿਆਉਣ, ਤਾਂਕਿ ਇਸ ਤਰ੍ਹਾਂ ਦੀਆਂ ਧੱਕੇਸ਼ਾਹੀਆਂ ਨੂੰ ਰੋਕਿਆ ਜਾ ਸਕੇ।

# ਬਸਪਾ ਨੇ ਕੀਤਾ ਸਫਾਈ ਕਰਮਚਾਰੀਆਂ ਦੀਆਂ ਮੰਗਾਂ ਦਾ ਸਮਰਥਨ

**ਫਗਵਾੜਾ (ਬੀ ਕੇ ਰੱਤੂ)-** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਜਨਰਲ ਸਕੱਤਰ ਤੇ ਜਲੰਧਰ ਜ਼ੋਨ ਇੰਚਾਰਜ ਬਲਵਿੰਦਰ ਕੁਮਾਰ ਨੇ ਸਫਾਈ ਕਰਮਚਾਰੀਆਂ ਦੀਆਂ ਮੰਗਾਂ ਦਾ ਸਮਰਥਨ ਕੀਤਾ ਹੈ।

ਉਨ੍ਹਾਂ ਕਿਹਾ ਕਿ ਸੂਬੇ ਵਿਚ ਹੁਣ ਤੱਕ ਬਣਦੀਆਂ ਆ ਰਹੀਆਂ ਸਰਕਾਰਾਂ ਨੇ ਸਫਾਈ ਕਰਮਚਾਰੀਆਂ ਨੂੰ ਹਮੇਸ਼ਾ ਅਣਦੇਖਾ ਕੀਤਾ ਹੈ। ਬਲਵਿੰਦਰ ਕੁਮਾਰ ਨੇ ਕਿਹਾ ਕਿ ਕਰਮ-ਚਾਰੀਆਂ ਦੀਆਂ ਮੰਗਾਂ ਮੁਤਾਬਕ, ਦਰਜਾ ਚਾਰ ਕਰਮਚਾਰੀਆਂ ਨੂੰ ਯੋਗ ਤਨਖਾਹ ਦਿੱਤੀ ਜਾਵੇ। 2000 ਸਫਾਈ ਸੇਵਕਾਂ ਤੇ 500 ਸੀਵਰਮੈਨਾਂ ਦੀ ਭਰਤੀ ਕੀਤੀ ਜਾਵੇ। ਇਸ ਤੋਂ ਇਲਾਵਾ ਠੇਕੇਦਾਰੀ ਸਿਸਟਮ ਨੂੰ ਬੰਦ ਕੀਤਾ ਜਾਵੇ। ਪੁਰਾਣੇ ਪੈਨਸ਼ਨ ਸਿਸਟਮ ਨੂੰ ਬਹਾਲ ਕੀਤਾ ਜਾਵੇ। ਕੱਚੇ ਸੀਵਰਮੈਨਾਂ ਨੂੰ ਪੱਕਾ ਕੀਤਾ ਜਾਵੇ। ਕੈਸ਼ਲੈੱਸ ਮੈਡੀਕਲ ਸੁਵਿਧਾ ਦਿੱਤੀ ਜਾਵੇ। ਇਨ੍ਹਾਂ ਕਰਮਚਾਰੀਆਂ ਦੀਆਂ ਮੰਗਾਂ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਬਲਵਿੰਦਰ ਕੁਮਾਰ ਨੇ ਕਿਹਾ ਕਿ ਬਸਪਾ ਸਫਾਈ ਕਰਮਚਾਰੀਆਂ ਦੇ ਨਾਲ ਡਟ ਕੇ ਖੜੀ ਹੈ। 2017 ਵਿਚ ਸੂਬੇ ਵਿਚ ਜੇਕਰ ਬਸਪਾ ਸਰਕਾਰ ਬਣਦੀ ਤਾਂ ਇਨ੍ਹਾਂ ਸਫਾਈ ਕਰਮਚਾਰੀਆਂ ਦੀਆਂ ਮੰਗਾਂ ਪੂਰੀਆਂ ਕੀਤੀਆਂ ਜਾਣਗੀਆਂ।



# ਪ੍ਰਵਾਸੀ ਭਾਰਤੀ ਚਾਨਾ ਨੇ 20 ਹਜਾਰ ਤੇ ਪੁਰਾਣੇ ਵਿਦਿਆਰਥੀਆਂ ਵੱਲੋ 10 ਹਜਾਰ ਦਾਨ

**ਫਗਵਾੜਾ (ਬੀ.ਕੇ.ਰੱਤੂ)-** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਨੀ ਪਿੰਡ ਦੇ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ ਦੀ ਪ੍ਰੇਰਨਾ ਅਤੇ ਉਦੱਮ ਸਦਕਾ ਵਿਦਿਆਥੀਆਂ ਨੂੰ ਮਿਆਰੀ ਪੜ੍ਹਾਈ ਦੇ ਅਨੁਕੂਲ ਬਣਾਉਣ ਅਤੇ ਸਮਾਰਟ ਰੂਮਾਂ ਰਾਹੀ ਵਿਦਿਆਰੀਆਂ ਨੂੰ ਆਧੂਨਿਕ ਤਰੀਕੇ ਨਾਲ ਪੜਾਉਣ ਲਈ ਪ੍ਰਵਾਸੀ ਭਾਰਤੀ ਅਤੇ ਉਘੇ ਸਮਾਜ ਸੇਵੀ



ਸ. ਕੁਲਵਿੰਦਰ ਸਿੰਘ ਚਾਨਾ ਵੱਲੋਂ 20 ਹਜਾਰ ਰੁਪਏ ਅਤੇ ਸਕੂਲ ਦੇ ਪੁਰਾਣੇ ਵਿਦਿਆਰਥੀਆਂ ਵੱਲੋਂ ਦਾਨ ਕੀਤੀ 10 ਹਜਾਰ ਦੀ ਰਾਸ਼ੀ ਨਾਲ ਸਾਰੀਆਂ ਜਮਾਤਾ ਲਈ ਗਰੀਨ ਤੇ ਵਾਈਟ ਬੋਰਡ ਅਤੇ ਨੋਟਿਸ ਬੋਰਡ ਦਾਨ ਕੀਤੇ ਗਏ। ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ ਨੇ ਦੱਸਿਆ ਕਿ ਕਾਫੀ ਲੰਬੇ ਸਮੇਂ ਤੋਂ ਜਮਾਤਾ ਵਿੱਚ ਗਰੀਨ ਅਤੇ ਵਾਈਟ ਬੋਰਡਾ ਦੀ ਜਰੂਰਤ ਸੀ, ਜੋ ਹੁਣ ਪੂਰੀ ਕੀਤੀ ਗਈ। ਦਾਨੀ ਸੱਜਣਾ ਦਾ ਸਰਪੰਚ ਗੁਰਮੀਤ ਰਾਮ ਧਨੀ ਪਿੰਡ, ਚੇਅਰਮੈਨ ਤਰਸੇਮ ਲਾਲ,ਵਾਈਸ ਚੇਅਰਮੈਨ ਬਲਕਾਰ ਸਿੰਘ ਕੂਨਰ, ਪੀ. ਟੀ. ਏ. ਪ੍ਰਧਾਨ ਮਹਿੰਗਾ ਰਾਮ ਅਤੇ ਸਕੂਲ ਦੇ ਅਧਿਆਪਕਾਂ ਵਾਈਸ ਪ੍ਰਿੰਸੀਪਲ ਰਿਸ਼ੀ ਕੁਮਾਰ, ਹਰਜੀਤ ਸਿੰਘ ਲੈਕਚਰਾਰ, ਵਿਦਿਆ ਸਾਗਰ ਲੈਕਚਰਾਰ, ਅਮਰਦੀਪ ਜੱਖੂ, ਮੁਨੀਸ਼ ਕੁਮਾਰ, ਅਮਰਜੀਤ ਸਿੰਘ, ਰਾਮ ਦਿਆਲ ਤੋਂ ਇਲਾਵਾ ਸਮੂਹ ਅਧਿਆਪਕਾਂ ਨੇ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਮੌਕੇ ਪਰਮਿੰਦਰ ਕੌਰ,ਜਸਵਿੰਦਰ ਸਾਂਪਲਾ, ਰੀਤਾ ਰਾਣੀ, ਮੰਜੂ ਰਾਣੀ, ਜਸਵੀਰ ਕੌਰ, ਰਜਨੀ ਸੂਦ ਤੋਂ ਇਲਾਵਾ ਸਮੂਹ ਵਿਦਿਆਰਥੀ ਹਾਜਰ ਸਨ।

# ਸ੍ਰੀ ਗੁਰੂ ਰਵਿਦਾਸ ਸਭਾ ਲਿਸਬਨ ਵਲੋਂ ਸਾਹਿਬ ਕਾਂਸ਼ੀ ਰਾਮ ਦਾ ਪ੍ਰੀਨਿਰਵਾਣ ਦਿਵਸ ਸ਼ਰਧਾ ਪੂਰਵਕ ਮਨਾਇਆ

**ਫਗਵਾੜਾ (ਬੀ.ਕੇ.ਰੱਤੂ)-** ਸ੍ਰੀ ਗੁਰੂ ਰਵਿਦਾਸ ਸਭਾ ਲਿਸਬਨ (ਪੁਰਤਗਾਲ) ਵਲੋਂ ਬਹੁਜਨ ਸਮਾਜ ਪਾਰਟੀ ਦੇ ਬਾਨੀ ਸਾਹਿਬ ਕਾਂਸ਼ੀ ਰਾਮ ਜੀ ਦਾ ਪ੍ਰੀਨਿਰਵਾਣ ਦਿਵਸ ਸਮੁੱਚੀ ਸੰਗਤ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੋਕੇ ਲਖਵਿੰਦਰ ਬਸਰਾ (ਸੋਨੂੰ) ਨੇ ਆਪਣੇ ਸੰਬੋਧਨ 'ਚ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਜੀ ਦਾ ਅੰਦੋਲਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਅੰਦੋਲਨ ਨੂੰ ਅੱਗੇ ਲੈ ਕੇ ਜਾਣ ਵਾਲਾ ਅੰਦੋਲਨ ਸੀ। ਸਾਹਿਬ ਕਾਂਸ਼ੀ ਰਾਮ ਨੇ ਆਪਣਾ ਸਾਰਾ ਜੀਵਨ ਦੱਬੇ-ਕੁਚਲੇ ਸਮਾਜ ਦਾ ਜੀਵਨ ਪੱਧਰ ਉੱਚਾ ਚੁੱਕਣ ਵਿਚ ਲਗਾ ਦਿੱਤਾ। ਉਹਨਾਂ ਦਾ ਮਕਸਦ ਦੇਸ਼ ਅੰਦਰ ਸੰਮਤਾ, ਸਮਾਨਤਾ ਅਤੇ ਭਾਈਚਾਰਕ ਸਾਂਝ ਕਾਇਮ ਕਰਨਾ ਸੀ। ਬਸਰਾ ਨੇ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਦਾ ਸੁਪਨਾ ਸੀ ਕਿ ਰਾਜਨੀਤਿਕ ਤਾਕਤ ਨੂੰ ਆਪਣੇ ਹੱਥਾਂ ਵਿਚ ਲਿਆ ਜਾਵੇ ਤਾਂ ਜੋ ਲੋਕਾਂ ਨੂੰ ਅਸਲ ਸੁਤੰਤਰਤਾ ਮਹਿਸੂਸ ਕਰਾਈ ਜਾ ਸਕੇ। ਉਹਨਾਂ ਸਮੂਹ ਸਮਾਜ ਨੂੰ ਅਪੀਲ ਕੀਤੀ ਕਿ ਸਾਹਿਬ ਕਾਂਸ਼ੀ ਰਾਮ ਦੇ ਮਿਸ਼ਨ ਨੂੰ



ਸਫਲ ਬਨਾਉਣ ਲਈ ਇਕ ਝੰਡੇ ਹੇਠਾਂ ਇਕੱਠੇ ਹੋਣ ਤਾਂ ਜੋ ਉਹਨਾਂ ਦੇ ਮਿਸ਼ਨ ਨੂੰ ਅਗਾਂਹ ਤੋਰਦਿਆਂ ਸੁਪਨੇ ਨੂੰ ਸਕਾਰ ਕੀਤਾ ਜਾ ਸਕੇ। ਇਸ ਮੋਕੇ ਲਿਸਬਨ ਕਮੇਟੀ ਦੀ ਸਮੁੱਚੀ ਟੀਮ ਨੇ ਲਿਸਬਨ ਵਿਖੇ ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਦੀ ਉਸਾਰੀ 'ਚ ਸ੍ਰੀ ਗੁਰੂ ਰਵਿਦਾਸ ਇੰਟਰਨੈਸ਼ਨਲ ਆਰਗਨਾਈਜੇਸ਼ਨ ਆਫ ਹਿਊਮਨ ਰਾਈਟਸ ਯੂ.ਕੇ. ਵਲੋਂ 10 ਹਜਾਰ ਪਾਊਂਡ ਸ੍ਰੀ ਗੁਰੂ ਰਵਿਦਾਸ ਸਭਾ ਯੂ.ਐਸ.ਏ. (ਕੈਲੀਫੋਰਨੀਆ) ਵਲੋਂ 1100 ਡਾਲਰ ਦਾ ਵਢਮੁੱਲਾ ਯੋਗਦਾਨ ਪਾਉਣ ਲਈ ਧੰਨਵਾਦ ਕੀਤਾ। ਇਸ ਮੋਕੇ ਮਦਨ ਲਾਲ ਨੇ ਸਮੁੱਚੀ ਸੰਗਤ, ਸਹਿਯੋਗੀਆਂ ਅਤੇ ਪਤਵੰਤਿਆਂ ਦਾ ਧੰਨਵਾਦ ਕੀਤਾ। ਸਮਾਗਮ ਵਿਚ ਵਾਈਸ ਪ੍ਰਧਾਨ ਸੁਰੇਸ਼ ਕੁਮਾਰ ਬਿੱਟੂ, ਜਸਪਾਲ ਸਾਂਪਲਾ, ਬਲਵਿੰਦਰ ਮਿੰਟੂ, ਲਖਵਿੰਦਰ ਬਸਰਾ, ਬਰਿਜ ਲਾਲ, ਮਨਜੀਤ ਜਗਰਾਉ, ਦਲਜੀਤ ਗਿਲ, ਬਲਵੰਤ ਦਾਸ, ਬਿੰਦੀ ਕਲੇਰ, ਕੁਲਦੀਪ ਪਹਿਲਵਾਨ, ਚਮਨ ਲਾਲ, ਗੁਰਮੇਲ ਲਸਾੜਾ, ਵਿੱਕੀ ਹੀਰ, ਹਰਫੂਲ ਚੰਦ ਆਦਿ ਵੀ ਹਾਜਰ ਸਨ।

# ਭਿੱਖੀਵਿੰਡ ਵਿਖੇ ਕਾਂਗਰਸੀ ਆਗੂਆਂ ਦੇ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ

## 84 ਦੇ ਦੰਗਿਆਂ ਦੇ ਦੋਸ਼ੀਆਂ ਨੂੰ ਸ਼ਜਾਵਾਂ ਨਾ ਦੇਣਾ ਨਿੰਦਾਯੋਗ ਕਾਰਵਾਈ - ਵਲਟੋਹਾ

**ਭਿੱਖੀਵਿੰਡ (ਭਪਿੰਦਰ ਸਿੰਘ)-** ਸਿੱਖ ਵਿਰੋਧੀ 1984 ਦੇ ਦੰਗਿਆਂ ਦੌਰਾਨ ਮਾਰੇ ਗਏ ਨਿਰਦੋਸ਼ ਲੋਕਾਂ ਦੇ ਕਾਤਲਾਂ ਨੂੰ ਅਜੇ ਤੱਕ ਸ਼ਜਾਵਾਂ ਨਾ ਮਿਲਣ ਦੇ ਰੋਸ ਵਜੋਂ ਕਸਬਾ ਭਿੱਖੀਵਿੰਡ ਵਿਖੇ ਵਿਧਾਨ ਸਭਾ ਹਲਕਾ ਖੇਮਕਰਨ ਦੇ ਵਿਧਾਇਕ ਵਿਰਸਾ ਸਿੰਘ ਵਲਟੋਹਾ ਦੀ ਅਗਵਾਈ ਹੇਠ ਗੋਰਵਦੀਪ ਸਿੰਘ ਵਲਟੋਹਾ, ਪੀ.ਏ ਸੰਦੀਪ ਸਿੰਘ ਸੁੱਗਾ, ਚੇਅਰਮੈਂਨ ਬਚਿੱਤਰ ਸਿੰਘ ਚੂੰਗ, ਨਗਰ ਪੰਚਾਇਤ ਪ੍ਰਧਾਨ ਅਮਰਜੀਤ ਸਿੰਘ ਢਿਲੋਂ, ਐਮ. ਸੀ. ਰਿੰਕੂ ਧਵਨ, ਸਹਿਰੀ ਪ੍ਰਧਾਨ ਗੁਰਿੰਦਰ ਸਿੰਘ ਲਾਡਾ, ਦਿਲਬਾਗ ਸਿੰਘ ਭੈਣੀ ਗੁਰਮੁੱਖ ਸਿੰਘ, ਸਰਪੰਚ ਰਸਾਲ ਸਿੰਘ ਕਾਲੇ, ਸਰਪੰਚ ਹਰਜੀਤ ਸਿੰਘ ਬਲ੍ਹੇਰ, ਸਰਪੰਚ ਹਰਜੀਤ ਸਿੰਘ ਚੂੰਗ, ਚੇਅਰਮੈਂਨ ਕ੍ਰਿਸ਼ਨਪਾਲ ਜੱਜ, ਬੀ.ਸੀ ਵਿੰਗ ਜਿਲ੍ਹਾ ਪ੍ਰਧਾਨ ਠੇਕੇਦਾਰ ਵਿਰਸਾ ਸਿੰਘ, ਸਰਪੰਚ ਹੈਪੀ ਮਰਗਿੰਦਪੁਰਾ, ਵਾਈਸ ਚੇਅਰਮੈਂਨ ਭਾਰਤ ਭੂਸ਼ਨ ਲਾਡੂ, ਸਰਪੰਚ ਯਾਦਵਿੰਦਰ ਸਿੰਘ ਖਹਿਰਾ, ਸਰਪੰਚ ਸੁਖਜੀਤ ਸਿੰਘ ਸਿੰਘਪੁਰਾ, ਅਕਾਲੀ ਆਗੂ ਨਿਰਮਲ ਸਿੰਘ ਕਾਲੇ, ਸਰਪੰਚ ਸ਼ਰਨਜੀਤ ਸਿੰਘ ਭਿੱਖੀਵਿੰਡ, ਇੰਦਰਜੀਤ ਸਿੰਘ ਭੈਣੀ, ਮਨਮਿੰਦਰ ਸਿੰਘ ਭੈਣੀ,



ਸਰਪੰਚ ਜਸਕਰਨ ਸਿੰਘ ਕਾਜੀਚੱਕ, ਸਾਬਕਾ ਸਰਪੰਚ ਅਵਤਾਰ ਸਿੰਘ ਨਾਰਲਾ, ਸਰਪੰਚ ਸਰਵਨ ਸਿੰਘ ਨਾਰਲਾ ਆਦਿ ਅਕਾਲੀ ਆਗੂਆਂ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਰਾਜੀਵ ਗਾਂਧੀ, ਰਾਹੁਲ ਗਾਂਧੀ, ਰਾਜਾ ਵੜਿੰਗ ਆਦਿ ਕਾਂਗਰਸੀ ਆਗੂਆਂ ਦੇ ਪੁਤਲੇ ਫੂਕ ਕੇ ਰੋਸ ਮੁਜਾਹਰਾ ਕੀਤਾ ਗਿਆ।

ਇਸ ਮੌਕੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੇ ਆਖਿਆ 1984 ਦੌਰਾਨ ਕਾਂਗਰਸ ਪਾਰਟੀ ਦੀ ਸਰਕਾਰ ਦੇ ਦਿਸ਼ਾ-ਨਿਰਦੇਸ਼ ਹੇਠ ਪਹਿਲਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਹਮਲਾ ਕਰਵਾ ਕੇ ਹਜਾਰਾਂ ਬੇਦੋਸ਼ੇ ਲੋਕਾਂ ਨੂੰ ਕਤਲ ਕਰਵਾਇਆ ਗਿਆ ਸੀ, ਜੋ ਕਾਂਗਰਸ ਪਾਰਟੀ ਦੀ ਗਿਣੀ ਮਿਥੀ ਸਾਜਿਸ਼ ਦਾ ਹਿੱਸਾ ਸੀ। ਉਹਨਾਂ ਨੇ ਆਖਿਆ ਕਿ ਦਿੱਲੀ, ਹਰਿਆਣਾ ਆਦਿ ਜਗ੍ਹਾ 'ਤੇ ਵੀ ਕਾਂਗਰਸੀ ਆਗੂਆਂ ਦੀ ਅਗਵਾਈ ਹੇਠ ਸਿੱਖ ਵਿਰੋਧੀ ਦੰਗੇ ਕਰਵਾ ਕੇ ਹਜਾਰਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਸੀ, ਜਦੋਂ ਕਿ 32 ਸਾਲ ਬੀਤ ਜਾਣ ਦੇ ਬਾਵਜੂਦ ਵੀ ਅਜੇ ਤੱਕ ਦੋਸ਼ੀਆਂ ਨੂੰ ਸ਼ਜਾਵਾਂ ਨਹੀ ਮਿਲੀਆਂ, ਜੋ ਨਿੰਦਾਯੋਗ ਕਾਰਵਾਈ ਹੈ।





## ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ, ਗੁਰਤਾਗੱਦੀ ਦਿਵਸ ਅਤੇ ਯੂਬਾ ਸਿਟੀ ਦੇ 37ਵੇਂ ਮਹਾਨ ਨਗਰ ਕੀਰਤਨ ਦੀਆਂ ਸਮੂਹ ਪ੍ਰਬੰਧਕਾਂ ਅਤੇ ਸੰਗਤਾਂ ਨੂੰ ਲੱਖ-ਲੱਖ ਵਧਾਈਆਂ




## ਨਿੱਜਰ ਬ੍ਰਦਰਜ਼

## ਸ. ਸੁਰਿੰਦਰ ਸਿੰਘ ਨਿੱਜਰ

## ਸ.ਅਮਰਿਤਪਾਲ ਸਿੰਘ ਨਿੱਜਰ





# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਯੂਬਾ ਸਿਟੀ ਦੇ 37ਵੇਂ ਮਹਾਨ ਨਗਰ ਕੀਰਤਨ ਦੀਆਂ ਸਮੂਹ ਪ੍ਰਬੰਧਕਾਂ ਅਤੇ ਸੰਗਤਾਂ ਨੂੰ ਲੱਖ-ਲੱਖ ਵਧਾਈਆਂ






















ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ (ਯੂ. ਐਸ. ਏ.) ਦੇ ਮੈਂਬਰ ਯੂਬਾ ਸਿਟੀ ਦੇ 37ਵੇਂ ਨਗਰ ਕੀਰਤਨ ਦੌਰਾਨ ਲੰਗਰ ਦੀ ਸੇਵਾ ਕਰਦੇ ਹੋਏ।

# ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ (ਯੂ. ਐਸ. ਏ.)

# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਯੂਬਾ ਸਿਟੀ ਦੇ 37ਵੇਂ ਮਹਾਨ ਨਗਰ ਕੀਰਤਨ ਦੀਆਂ ਸਮੂਹ ਪ੍ਰਬੰਧਕਾਂ ਅਤੇ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
























ਯੂਬਾ ਸਿਟੀ ਦੇ 37ਵੇਂ ਮਹਾਨ ਨਗਰ ਕੀਰਤਨ ਦੌਰਾਨ ਸਰਬ ਸਾਂਝੀ ਚੜ੍ਹਦੀ ਕਲਾ ਅਮੈਰਿਕਨ ਸਿੱਖ ਸੁਸਾਇਟੀ, ਕੈਲੇਫੋਰਨੀਆ ਦੇ ਮੈਂਬਰ ਲੰਗਰ ਦੀ ਸੇਵਾ ਕਰਦੇ ਹੋਏ।

# ਸਰਬ ਸਾਂਝੀ ਚੜ੍ਹਦੀ ਕਲਾ ਅਮੈਰਿਕਨ ਸਿੱਖ ਸੁਸਾਇਟੀ, ਕੈਲੇਫੋਰਨੀਆ

# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਯੂਬਾ ਸਿਟੀ ਦੇ 37ਵੇਂ ਮਹਾਨ ਨਗਰ ਕੀਰਤਨ ਦੀਆਂ ਸਮੂਹ ਪ੍ਰਬੰਧਕਾਂ ਅਤੇ ਸੰਗਤਾਂ ਨੂੰ ਲੱਖ-ਲੱਖ ਵਧਾਈਆਂ


























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)




## ਡਾਇਮੰਡ ਕਲੱਬ ਆਫ ਕੈਲੇਫੋਰਨੀਆ

ਪ੍ਰਧਾਨ

ਸ. ਨਰਿੰਦਰ ਸਿੰਘ ਔਜਲਾ




ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਦ ਜਗ ਚਾਨਣ ਹੋਆ

## ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਯੂਬਾ ਸਿਟੀ ਦੇ 37ਵੇਂ ਮਹਾਨ ਨਗਰ ਕੀਰਤਨ ਦੀਆਂ ਸਮੂਹ ਪ੍ਰਬੰਧਕਾਂ ਅਤੇ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

# ਸ. ਹਰਜੀਤ ਸਿੰਘ ਸਵੈਚ

**ਉਘੇ ਬਿਜਨਸਮੈਨ ਅਤੇ ਰਿਐਲਟਰ (916) 417-2900**

**ਅਤੇ ਸਮੂਹ ਸਵੈਚ ਪਰਿਵਾਰ**



ਸ. ਹਰਜੀਤ ਸਿੰਘ ਸਵੈਚ ਯੂਬਾ ਸਿਟੀ ਦੇ 37ਵੇਂ ਨਗਰ ਕੀਰਤਨ ਮੌਕੇ ਹਾਜ਼ਰੀਆਂ ਭਰਦੇ ਹੋਏ



ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਦ ਜਗ ਚਾਨਣ ਹੋਆ

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਯੂਬਾ ਸਿਟੀ ਦੇ 37ਵੇਂ ਮਹਾਨ ਨਗਰ ਕੀਰਤਨ ਦੀਆਂ ਸਮੂਹ ਪ੍ਰਬੰਧਕਾਂ ਅਤੇ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

# S. Bhupnder Singh Parmar

**ਅਤੇ ਸਮੂਹ ਪਰਮਾਰ ਪਰਿਵਾਰ**

**76 Gas Station, Mission Blvd., Hayward (California)**



ਸ. ਭੁਪਿੰਦਰ ਸਿੰਘ ਪਰਮਾਰ ਆਪਣੀ ਧਰਮ ਪਤਨੀ ਸਮੇਤ ਯੂਬਾ ਸਿਟੀ ਦੇ 37ਵੇਂ ਨਗਰ ਕੀਰਤਨ ਮੌਕੇ।



# ਸ: ਜਸਪ੍ਰੀਤ ਸਿੰਘ ਅਟਾਰਨੀ ਨੇ ਪੰਜਾਬੀ ਭਾਈਚਾਰੇ ਦੀ ਮੱਦਦ ਨਾਲ ਕੀਤਾ ਜੌਹਨ ਗਰਮੈਂਡੀ ਕਾਂਗਰਸਮੈਨ ਲਈ ਸੈਕਰਾਮੈਂਟੋ 'ਚ ਫੰਡ ਰੇਜ਼ਿੰਗ

**ਸੈਕਰਾਮੈਂਟੋ–** ਅਮਰੀਕਾ ਦੇ ਉਘੇ ਵਕੀਲ ਸ: ਜਸਪ੍ਰੀਤ ਸਿੰਘ ਅਟਾਰਨੀ ਹੋਰਾਂ ਨੇ ਬੀਤੇ ਦਿਨੀਂ ਆਪਣੇ ਗੂੜੇ ਮਿੱਤਰ ਜੌਹਨ ਗਰਮੈਂਡੀ ਕਾਂਗਰਸਮੈਨ ਅਤੇ ਸਾਬਕਾ ਲੈਫਟੀਨੈਂਟ ਗਵਰਨਰ ਕੈਲੇਫੋਰਨੀਆਂ ਲਈ ਪੰਜਾਬੀ ਭਾਈਚਾਰੇ ਦੀ ਮੱਦਦ ਨਾਲ 1079 Curry Paradise, Sunrise Avenue, Roseville, CA ਵਿਖੇ ਫੰਡ ਰੇਜ਼ਿੰਗ ਦਾ ਆਯੋਜਿਨ ਕੀਤਾ।

ਇਸ ਫੰਡ ਰੇਜ਼ਿੰਗ ਵਿਚ ਸ੍ਰੀ ਕੈਨੀ ਵਿਰਕ, ਜੋਗਾ ਸਿੰਘ ਬਾਠ, ਮਹਿੰਦਰ ਸਿੰਘ ਗੁਰਾਇਆ, ਪ੍ਰੇਮ ਕੁਮਾਰ ਚੁੰਬਰ, ਬਲਵੀਰ ਸਿੰਘ ਗਰੇਵਾਲ, ਸੁਖਦੇਵ ਸਿੰਘ ਸੈਂਭੀ, ਗੁਰਜਤਿੰਦਰ ਸਿੰਘ ਰੰਧਾਵਾ, ਨਰਿੰਦਰਪਾਲ ਸਿੰਘ ਹੁੰਦਲ, ਚਰਨਜੀਤ ਸਿੰਘ ਵਿਰਕ, ਇੰਦਰਜੀਤ ਸਿੰਘ ਕਿਲੀਰਾਏ, ਗੁਰਕਿਰਤ ਸਿੰਘ, ਜੱਗ ਬੈਂਸ, ਗੁਰਚਰਨ ਸਿੰਘ ਬਸਰਾ, ਉਂਕਰ ਸਿੰਘ, ਗੁਰਨਾਮ ਸਿੰਘ ਭੰਡਾਲ ਅਤੇ ਹੋਰਨਾਂ ਬਿਜ਼ਨਸਮੈਨਾਂ ਅਤੇ ਪਤਵੰਤੇ ਸੱਜਣਾ ਨੇ ਭਾਗ ਲਿਆ। ਇਸ ਮੌਕੇ ਸ: ਜਸਪ੍ਰੀਤ ਸਿੰਘ ਅਟਾਰਨੀ ਹੋਰਾਂ ਨੇ ਸ੍ਰੀ ਜੌਹਨ ਗਰਮੈਂਡੀ ਦੇ ਸਿੱਖ ਭਾਈਚਾਰੇ ਨਾਲ ਬਹੁਤ ਹੀ ਗੂੜੇ ਸਬੰਧ ਹਨ। ਉਨ੍ਹਾਂ ਕਿਹਾ ਕਿ ਮਰਸੈਂਡ ਹੁਰੀਂ ਸਿੱਖ ਧਰਮ ਤੋਂ ਬਹੁਤ ਹੀ ਪ੍ਰਭਾਵਿਤ ਹਨ ਅਤੇ ਸਿੱਖਾਂ ਨੂੰ ਅਮਰੀਕਾ ਵਿਚ ਵੱਖਰੀ ਪਹਿਚਾਣ ਦਿਵਾਉਣ ਲਈ ਭਵਿੱਖ ਵਿਚ ਹਰ ਸੰਭਵ ਮੱਦਦ ਕਰਨਗੇ। ਇਸ ਮੌਕੇ ਸ੍ਰੀ ਗਰਮੈਂਡੀ ਹੋਰਾਂ ਨੇ ਜਿੱਥੇ ਸਮੂਹ ਸ਼ਖਸ਼ੀਅਤਾਂ ਦਾ ਇਸ ਫੰਡ ਰੇਜ਼ਿੰਗ ਲਈ ਧੰਨਵਾਦ ਕੀਤਾ ਉਥੇ ਵਿਸ਼ਵਾਸ਼ ਦਿਵਾਇਆ ਕਿ ਉਨ੍ਹਾਂ ਦੀ ਸਰਕਾਰ ਬਣਨ 'ਤੇ ਉਹ ਸਿੱਖ ਭਾਈਚਾਰੇ ਨੂੰ ਵੱਖਰੀ ਪਹਿਚਾਣ ਦਿਵਾਉਣ ਲਈ ਹਮੇਸ਼ਾ ਤਤਪਰ ਰਹਿਣਗੇ। ਉਨ੍ਹਾਂ ਕਿਹਾ ਕਿ ਅਮਰੀਕਨ ਫੌਜ ਵਿਚ ਭਾਰਤੀ ਪੰਜਾਬੀ ਪੱਗ ਬੰਨ੍ਹ ਕੇ ਕੰਮ ਕਰਨ ਲਈ ਉਹ ਜਲਦ ਹੀ ਕਾਨੂੰਨ ਬਣਾਉਣ ਵਿਚ ਮੱਦਦ ਕਰਨਗੇ ਅਤੇ ਇਸ ਤੋਂ ਇਲਾਵਾ ਹਿਲੇਰੀ ਕਲਿੰਟਨ ਦੇ ਰਾਸ਼ਟਰਪਤੀ ਬਣਨ 'ਤੇ ਉਹ ਇਥੇ ਰਹਿੰਦੇ ਗੈਰਕਾਨੂੰਨੀ ਲੋਕਾਂ ਨੂੰ ਪੱਕਿਆਂ ਕਰਨ ਲਈ ਵੀ ਕਾਨੂੰਨ ਬਣਾਉਣ ਲਈ ਆਪਣਾ ਪ੍ਰਸਤਾਵ ਰੱਖਣਗੇ।




ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)























# ਦੇਸ਼ ਦਾ ਤਾਪਮਾਨ ਵੱਧ ਰਿਹਾ ਹੈ - ਕੁਝ ਤਾਂ ਸੋਚੋ

**ਬਹੁਤ ਹੀ ਦਿਲ ਹਿਲਾ ਦੇਣ ਵਾਲੇ ਇੱਕ ਖੋਜ ਪੱਤਰ ਵਿਚ ਇਹ ਦੱਸਿਆ ਗਿਆ ਹੈ ਕਿ ਭਾਰਤ ਵਿਚ ਗਰਮ ਦਿਨਾਂ ਵਿਚ ਅਸਧਾਰਨ ਰੂਪ ਵਿਚ ਮੌਤ ਦਰ ਉਤੇ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ। ਖਾਸ ਕਰਕੇ ਉਦੋਂ ਜਦੋਂ ਗਰਮੀਆਂ ਵਿੱਚ ਤਾਪਮਾਨ ਔਸਤਨ 35 ਡਿਗਰੀ ਸੈਂਟੀਗਰੇਡ ਤੋਂ ਉਪਰ ਚਲਾ ਜਾਂਦਾ ਹੈ, ਤਦ ਹਰ ਅਗਲੇ ਦਿਨ ਦਾ ਮੌਤ ਦਰ ਪ੍ਰਭਾਵ ਭਾਰਤ ਵਿਚ ਅਮਰੀਕਾ ਦੇ ਮੁਕਾਬਲੇ ਵਿਚ ਪੱਚੀ ਗੁਣਾ ਹੁੰਦਾ ਹੈ। ਇਸ ਸਮੇਂ ਭਾਰਤ ਵਿਚ ਹਰ ਸਾਲ ਔਸਤਨ ਪੰਜ ਦਿਨ ਗਰਮੀ ਦੇ ਲਿਹਾਜ਼ ਤੋਂ ਬਹੁਤ ਘਾਤਕ ਹੁੰਦੇ ਹਨ। ਦੇਸ਼ ਵਿਚ ਵਿਸ਼ਵ ਜਲਵਾਯੂ ਕੀਤੀ ਜੇਕਰ ਲਾਗੂ ਨਾ ਕੀਤੀ ਜਾਵੇ ਤਾਂ ਇਸ ਸਦੀ ਦੇ ਅੰਤ ਤਕ ਪ੍ਰਤੀ ਸਾਲ 75 ਇਹੋ ਜਿਹੇ ਗਰਮ ਦਿਨ ਹੋ ਜਾਣਗੇ, ਜਦੋਂ ਗਰਮੀ ਨਾਲ ਮੌਤ ਦਰ 'ਚ ਵਾਧਾ ਹੋਵੇਗਾ। ਜ਼ਾਹਿਰ ਹੈ ਕਿ ਨਿੱਤ ਵਧਦੇ ਦੇਸ਼ ਉੱਚਾ ਤਾਪਮਾਨ ਦੇਸ਼ ਲਈ ਵੱਡਾ ਖਤਰਾ ਹੈ ਅਤੇ ਨਾਲ ਹੀ ਇਹ ਇਸ ਕਿਸਮ ਦੇ ਪੌਣਪਾਣੀ ਬਦਲੀ ਦੀ ਲਪੇਟ ਵਿਚ ਹੈ, ਜੋ ਦੇਸ਼ ਨੂੰ ਦਰਪੇਸ਼ ਚਣੌਤੀਆਂ ਨੂੰ ਘੱਟ ਕਰਕੇ ਦੇਖਣ ਨਾਲ ਆਂਕਿਆ ਜਾ ਰਿਹਾ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

ਦੇਸ਼ ਦੀ ਧਰਤੀ ਨਿੱਤ ਗਰਮ ਹੋ ਰਹੀ ਹੈ। ਦੇਸ਼ 'ਚ ਸਿਆਸੀ ਗਰਮੀ ਵੀ ਵੱਧ ਰਹੀ ਹੈ। ਪਹਿਲਾਂ ਹੀ ਗਰਮ ਜਲਵਾਯੂ 'ਚ ਹਰ ਕਿਸਮ ਦੇ ਪ੍ਰਦੂਸ਼ਨ ਕਾਰਨ, ਹੋਰ ਵਾਧਾ ਹੋ ਰਿਹਾ ਹੈ। ਪਹਿਲਾਂ ਹੀ ਸਿਆਸੀ ਪੱਖੋਂ ਬਣੀ ਗੁੰਝਲਦਾਰ ਹਾਲਤ, ਅਸਹਿਣਸ਼ੀਲਤਾ ਦੇ ਵਰਤਾਰੇ, ਧਰਮ ਦੇ ਨਾਂਅ ਉਤੇ ਲੋਕਾਂ 'ਚ ਪਾਈਆਂ ਜਾ ਰਹੀਆਂ ਵੰਡੀਆਂ, ਸਰਹੱਦਾਂ ਦੀ ਸਿਆਸਤ, ਆਰ. ਐਸ. ਐਸ. ਦੇ ਅਜੰਡੇ ਨੂੰ ਚਿੱਟੇ ਦਿਨ ਸਿੱਧਾ ਪੱਧਰਾ ਲਾਗੂ ਕਰਨ ਕਾਰਨ ਗੰਧਲੀ ਹੋ ਰਹੀ ਹੈ। ਵੱਧ ਰਹੇ ਤਾਪਮਾਨ ਨੂੰ ਏਅਰ ਕੰਡੀਸ਼ਨ (ਏ. ਸੀ.) ਨਾਲ ਕਾਬੂ ਕਰਨ ਦਾ ਯਤਨ ਹੋ ਰਿਹਾ ਹੈ, ਕਿਉਂਕਿ ਏ. ਸੀ. ਸਿਰਫ ਇਕ ਸੁੱਖ ਸੁਵਿਧਾ ਦੇਣ ਵਾਲਾ ਯੰਤਰ ਨਹੀਂ, ਸਗੋਂ ਇਹ ਲਗਾਤਾਰ ਗਰਮ ਹੋ ਰਹੀ ਦੁਨੀਆਂ ਵਿੱਚ ਜੀਵਨ ਬਚਾਉਣ ਲਈ ਇੱਕ ਠੰਡਕ ਪਹੁੰਚਾਉਣ ਵਾਲੀ ਮਹੱਤਵਪੂਰਨ ਮਸ਼ੀਨ ਵੀ ਹੈ। ਪਰ ਇਸ ਤੱਥ ਵੱਲ ਜ਼ਰਾ ਕੁ ਗੌਰ ਕਰੋ ਕਿ ਅਮਰੀਕਾ ਵਿਚ ਜਿਥੇ 87ਗ਼ ਪਰਿਵਾਰਾਂ ਦੇ ਕੋਲ ਏ. ਸੀ. ਹਨ, ਉਥੇ ਭਾਰਤ ਵਿਚ ਮਸਾਂ 5ਗ਼ ਲੋਕਾਂ ਕੋਲ ਇਹ ਸੁਵਿਧਾ ਹੈ। ਬਹੁਤ ਹੀ ਦਿਲ ਹਿਲਾ ਦੇਣ ਵਾਲੇ ਇੱਕ ਖੋਜ਼ ਪੱਤਰ ਵਿਚ ਇਹ ਦੱਸਿਆ ਗਿਆ ਹੈ ਕਿ ਭਾਰਤ ਵਿਚ ਗਰਮ ਦਿਨਾਂ ਵਿਚ ਅਸਧਾਰਨ ਰੂਪ ਵਿਚ ਮੌਤ ਦਰ ਉਤੇ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ। ਖਾਸ ਕਰਕੇ ਉਦੋਂ ਜਦੋਂ ਗਰਮੀਆਂ ਵਿੱਚ ਤਾਪਮਾਨ ਔਸਤਨ 35 ਡਿਗਰੀ ਸੈਂਟੀਗਰੇਡ ਤੋਂ ਉਪਰ ਚਲਾ ਜਾਂਦਾ ਹੈ, ਤਦ ਹਰ ਅਗਲੇ ਦਿਨ ਦਾ ਮੌਤ ਦਰ ਪ੍ਰਭਾਵ ਭਾਰਤ ਵਿਚ ਅਮਰੀਕਾ ਦੇ ਮੁਕਾਬਲੇ ਵਿਚ ਪੱਚੀ ਗੁਣਾ ਹੁੰਦਾ ਹੈ।

ਇਸ ਸਮੇਂ ਭਾਰਤ ਵਿਚ ਹਰ ਸਾਲ ਔਸਤਨ ਪੰਜ ਦਿਨ ਗਰਮੀ ਦੇ ਲਿਹਾਜ਼ ਤੋਂ ਬਹੁਤ ਘਾਤਕ ਹੁੰਦੇ ਹਨ। ਦੇਸ਼ ਵਿਚ ਵਿਸ਼ਵ ਜਲਵਾਯੂ ਕੀਤੀ ਜੇਕਰ ਲਾਗੂ ਨਾ ਕੀਤੀ ਜਾਵੇ ਤਾਂ ਇਸ ਸਦੀ ਦੇ ਅੰਤ ਤਕ ਪ੍ਰਤੀ ਸਾਲ 75 ਇਹੋ ਜਿਹੇ ਗਰਮ ਦਿਨ ਹੋ ਜਾਣਗੇ, ਜਦੋਂ ਗਰਮੀ ਨਾਲ ਮੌਤ ਦਰ 'ਚ ਵਾਧਾ ਹੋਵੇਗਾ। ਜ਼ਾਹਿਰ ਹੈ ਕਿ ਨਿੱਤ ਵਧਦਾ ਦੇਸ਼ ਦਾ ਉੱਚਾ ਤਾਪਮਾਨ ਦੇਸ਼ ਲਈ ਵੱਡਾ ਖਤਰਾ ਹੈ ਅਤੇ ਨਾਲ ਹੀ ਇਹ ਇਸ ਕਿਸਮ ਦੇ ਪੌਣਪਾਣੀ ਬਦਲੀ ਦੀ ਲਪੇਟ ਵਿਚ ਹੈ, ਜੋ ਦੇਸ਼ ਨੂੰ ਦਰਪੇਸ਼ ਚਣੌਤੀਆਂ ਨੂੰ ਘੱਟ ਕਰਕੇ ਦੇਖਣ ਨਾਲ ਆਂਕਿਆ ਜਾ ਰਿਹਾ ਹੈ। ਬਿਲਕੁਲ ਇਹੋ ਜਿਹਾ ਮਾਰੂ ਖਤਰਾ ਕੀ ਉਸ ਵੇਲੇ ਨਹੀਂ ਹੈ, ਜਦੋਂ ਦੇਸ਼ ਦੇ ਹਾਕਮ ਆਪਣੀ ਸੁਖ ਸੁਵਿਧਾ ਲਈ ਤਾਂ ਚਿੰਤਤ ਹਨ, ਪਰ ਗਰੀਬ ਦੀ ਮੂੰਹ ਦੀ ਬੁਰਕੀ ਉਨ੍ਹਾਂ ਦੇ ਅਜੰਡੇ ਵਿਚ ਕਿਧਰੇ ਵੀ ਨਹੀਂ। ਦੇਸ਼ ਵਿਚ ਪਾਰਲੀਮੈਂਟ ਮੈਂਬਰ ਯੋਗੀ ਅਦੱਤਿਆਨਾਥ ਦੀ ਪ੍ਰਧਾਨਗੀ ਹੇਠ ਲੋਕ ਸਭਾ, ਰਾਜ ਸਭਾ ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਦੇ ਮੁਲਾਂਕਣ ਲਈ ਸਾਂਝੀ ਕਮੇਟੀ ਗਠਿਤ ਕਰ ਦਿਤੀ ਗਈ ਹੈ, ਤਾਂ ਕਿ ਸੰਸਦ ਮੈਂਬਰਾਂ ਦੀਆਂ ਤਨਖਾਹਾਂ 'ਚ ਵਾਧਾ ਕੀਤਾ ਜਾਵੇ, ਜੋ ਕਿ ਪਹਿਲਾਂ ਹੀ 50 ਹਜ਼ਾਰ ਰੁਪਏ ਮਹੀਨਾ ਤਨਖਾਹ ਅਤੇ ਹੋਰ ਬੇ-ਸ਼ੁਮਾਰ ਭੱਤੇ ਲੈ ਰਹੇ ਹਨ, ਅਤੇ ਜਿਸ ਨੂੰ ਦੁਗਣੀ ਕਰਕੇ ਇੱਕ ਲੱਖ ਰੁਪਏ ਮਾਸਿਕ ਤਨਖਾਹ ਅਤੇ ਹੋਰ ਭੱਤੇ ਦੇਣ ਲਈ ਇਹ ਉਪਰਲੀ ਕਮੇਟੀ ਰਾਹ ਪੱਧਰਾ ਕਰੇਗੀ, ਪਰ ਉਸ ਬੁਢਾਪਾ ਝੱਲ ਰਹੇ ਬੁੱਢੇ ਦੀ 500 ਰੁਪਏ ਮਾਸਿਕ ਪੈਨਸ਼ਨ ਦੇ ਵਾਧੇ ਦਾ ਕੀ ਹੋਵੇਗਾ, ਜਿਸ ਨੂੰ ਉਹ ਵੀ ਕਦੇ-ਕਦਾਈ ਹੀ ਮਿਲਦੀ ਹੈ! ਉਸ ਸ਼ਾਸਨ ਦਾ ਕੀ ਬਣੇਗਾ, ਜਿਸਨੂੰ ਬੜਕਾਂ ਮਾਰ ਕੇ ਚਲਾਇਆ ਜਾ ਰਿਹਾ ਹੋਵੇ। ਜਿਥੇ ਕਿਸਾਨ ਮਜ਼ਦੂਰ ਖੁਦਕੁਸ਼ੀਆਂ ਕਰਨ, ਖੇਤਾਂ ਦੇ ਰਾਜੇ ਦੀ ਜ਼ਮੀਨ ਕੁਰਕੀ ਜਾਂਦੀ ਹੋਵੇ ਤੇ ਕਾਰਪੋਰੇਟ ਜਗਤ ਦੇ ਕਰਜ਼ੇ ਮੁਆਫ ਕਰ ਦਿਤੇ ਜਾਂਦੇ ਹੋਣ।ਅਤੇ ਜਿਥੋਂ ਦੇ ਇਨਸਾਫ ਦੀ ਤਸਵੀਰ ਨੂੰ ਵੇਖੋ ਕਿ ਉਥੇ ਦੇ ਲੋਕਾਂ ਨੂੰ ਭੋਪਾਲ ਦੀ ਜੇਲ੍ਹ 'ਚੋਂ ਭੱਜੇ ਅਪਰਾਧੀਆਂ ਦੀ ਘਟਨਾ ਬਾਰੇ ਪੁਲਸ ਵਲੋਂ ਪੇਸ਼ ਕੀਤੀ ਨਾਟਕੀ ਕਹਾਣੀ ਹਜ਼ਮ ਨਹੀਂ ਹੋ ਰਹੀ। ਜਿਥੇ ਕਰੋੜਾਂ ਲੋਕਾਂ ਨੂੰ ਛੱਤ ਤਾਂ ਕੀ ਨਸੀਬ ਹੋਣੀ ਹੈ, ਦੋ ਡੰਗ ਦੀ ਰੋਟੀ ਵੀ ਰੋਜ਼ ਨਸੀਬ ਨਹੀਂ ਹੁੰਦੀ। ਕੀ ਦੇਸ਼ 'ਚ ਫੈ.ਲ ਲਈ ਇਸ ਅਰਾਜਕਤਾ ਤਪਸ਼ ਤੋਂ ਵੱਧ ਹੋਰ ਕੋਈ ਖਤਰਾ ਹੋ ਸਕਦਾ ਹੈ, ਜਿਥੇ ਲੋਕਾਂ ਦਾ ਜਾਨ ਮਾਲ, ਅਸਬਾਵ, ਇੱਜਤ, ਆਬਰੂ ਹੀ ਸੁਰੱਖਿਅਤ ਨਾ ਹੋਵੇ?

ਜੰਗਲਾਂ ਦੀ ਕਟਾਈ, ਹਵਾ ਪ੍ਰਦੂਸ਼ਣ, ਪਾਣੀ ਪ੍ਰਦੂਸ਼ਣ, ਰੌਲਾ-ਰੱਪਾ ਪ੍ਰਦੂਸ਼ਨ, ਭੂਮੀ ਪ੍ਰਦੂਸ਼ਣ, ਪ੍ਰਕਾਸ਼ ਪ੍ਰਦੂਸ਼ਣ ਅਤੇ ਪ੍ਰਮਾਣੂ ਊਰਜਾ ਕਾਰਨ ਪਲੀਤ ਹੋ ਰਹੇ ਵਾਤਾਵਰਨ ਨੇ ਲੋਕਾਂ ਦਾ ਸਾਹ ਸੂਤਿਆ ਹੋਇਆ ਹੈ, ਜਿਸ ਨਾਲ ਭਾਰਤੀ ਧਰਤੀ ਉਤੇ ਰਹਿਣ ਯੋਗ ਸਥਾਨਾਂ ਦੀ ਕਮੀ ਹੋ ਰਹੀ ਹੈ। ਉਦਯੋਗੀਕਰਨ, ਵਾਹਨਾਂ ਦੇ ਵਾਧੇ ਦੀ ਹੋੜ, ਹਵਾ 'ਚ ਨਾ ਸਹਿਣ ਯੋਗ ਗੈਸਾਂ ਦਾ ਵਾਧਾ, ਕੂੜਾ-ਕਚਰਾ, ਮਲ-ਮੂਤਰ ਦਾ ਨਦੀਆਂ ਨਹਿਰਾਂ 'ਚ ਵਹਾਅ, ਖੇਤੀ 'ਚ ਰਿਸਾਇਣਾਂ ਤੇ ਕੀਟ ਨਾਸ਼ਕਾਂ ਦੀ ਬੇ-ਹੱਦ ਵਰਤੋਂ, ਨੇ ਭਾਰਤੀਆਂ ਲਈ ਲਾ ਇਲਾਜ ਬੀਮਾਰੀਆਂ ਦਾ ਅੰਬਾਰ ਲਗਾ ਦਿਤਾ ਹੈ। ਅਤੇ ਇਹੋ ਹਾਲ ਦੇਸ਼ ਦੀ ਸਿਆਸਤ ਦਾ ਹੈ। ਸਿਆਸਤ ਅਤੇ ਦੌਲਤ ਸਕੀਆ ਭੈਣਾਂ ਬਣ ਗਈਆਂ ਹਨ। ਲੁੱਟ-ਮਾਰ, ਡਾਂਗ ਸੋਟੇ ਦੇ ਜ਼ੋਰ, ਬੇ-ਅਸੂਲੇ ਗੱਠਜੋੜ, ਪਰਿਵਾਰਵਾਦਕ ਬੇਈਮਾਨੀ ਵਾਲੀ, ਬੇ-ਅਸੂਲੀ ਸਿਆਸਤ ਨੇ ਦੇਸ਼ ਦੀਆਂ ਲੋਕਤੰਤਰ ਕਦਰਾਂ ਕੀਮਤਾਂ ਦਾ ਜਿਵੇਂ ਲੱਕ ਤੋੜਕੇ ਰੱਖ ਦਿਤਾ ਹੈ।

ਬੇਆਸੇ ਹੋਏ ਲੋਕ ਮੌਜੂਦਾ ਗਪੌੜੀ ਸਿਆਸਤਦਾਨਾਂ ਤੋਂ ਮੁੱਖ ਮੋੜੀ ਬੈਠੇ ਹਨ, ਮਨਾਂ 'ਚ ਗੁੱਸਾ ਹੈ, ਪਰ ਭੜਾਸ ਕਿਥੇ ਕੱਢਣ? ਦਿਲਾਂ 'ਚ ਰੋਸਾ ਹੈ, ਪਰ ਸਾਂਝਾ ਕੀਹਦੇ ਨਾਲ ਕਰਨ। ਤਨ, ਵਾਤਾਵਰਨ ਨੇ ਊਂ ਹੀ ਗਰਮ ਕਰ ਦਿਤੇ ਹਨ, ਲੂਹ ਸੁੱਟੇ ਹਨ, ਜ਼ਖਮੀ ਕਰ ਦਿਤੇ ਹਨ, ਪਰ ਫੇਹਾ ਕੌਣ ਧਰੇ? ਉਹ ਕਿਥੋਂ ਲਿਆਉਣ ਇਮਾਨਦਾਨ ਮਨੁੱਖਵਾਦੀ ਏ. ਸੀ., ਆਪਣਾ ਦਿਲ ਠਾਰਨ ਲਈ? ਇਹ ਸੱਚ ਹੈ ਕਿ ਵਿਸ਼ਵ ਵਾਤਾਵਰਨ ਪ੍ਰਦੂਸ਼ਣ ਵੱਧਦਾ ਹੀ ਹੈ। ਇਸੇ ਹੀ ਕਰਕੇ ਰਵਾਂਡਾ 'ਚ ਪਿਛਲੇ ਦਿਨੀਂ ਹੋਈ ਵਿਸ਼ਵ ਪੱਧਰੀ ਸਾਰੇ ਵਿਕਾਸਸ਼ੀਲ, ਅਰਧ ਵਿਕਾਸਸ਼ੀਲ, ਦੇਸ਼ ਦੀ ਮੀਟਿੰਗ ਵਿੱਚ ਹਾਈਡਰੋਫਲੋਰੋਕਾਰਬਨ ਦੀ ਵਰਤੋਂ ਨੂੰ ਸੀਮਿਤ ਕਰਨ ਲਈ ਹੋਏ ਇਤਹਾਸਕ ਸਮਝੌਤੇ ਦੇ ਦਸਤਖਤਾਂ ਮੌਕੇ ਹੋਰ ਚੀਜਾਂ ਦੇ ਨਾਲ ਨਾਲ ਏ. ਸੀ. ਅਤੇ ਫਿਰੱਜਾਂ ਨੂੰ ਵੀ ਮਹੱਤਵ ਦਿਤਾ ਗਿਆ। ਸਮਝੌਤੇ 'ਚ ਇਸ ਗੱਲ ਤੇ ਜ਼ੋਰ ਦਿਤਾ ਗਿਆ ਕਿ ਜੇ ਦੁਨੀਆਂ ਦੇ ਲੋਕਾਂ ਦੇ ਜੀਵਨ ਨੂੰ ਚੰਗੇਰਾ ਬਨਾਉਣਾ ਹੈ ਤਾਂ ਦੁਨੀਆ ਖਾਸ ਕਰ ਗਰੀਬ ਮੁਲਕਾਂ ਨੂੰ ਜਲਵਾਯੂ ਤਬਦੀਲੀ ਦਾ ਜ਼ਰੂਰੀ ਤੌਰ 'ਤੇ ਮੁਕਾਬਲਾ ਕਰਨਾ ਪਵੇਗਾ। ਪਰ ਕੀ ਭਾਰਤ ਵਰਗਾ ਗਰਮ ਦੇਸ਼ ਹਾਈਡਰੋਫਲੋਰੋਕਾਰਬਨ ਸੀਮਤ ਕਰ ਸਕੇਗਾ?

ਭਾਵੇਂ ਕਿ ਗਰੀਨ ਹਾਊਸ ਗੈਸਾਂ ਦੇ ਪ੍ਰਦੂਸ਼ਨ ਨੂੰ ਘਟਾਉਣ ਲਈ ਇਹ ਜਰੂਰੀ ਹੈ ਕਿ ਸਾਰੇ ਦੇਸ਼, ਭਵਿੱਖ ਵਿੱਚ ਹੋਣ ਵਾਲੇ ਜਲਵਾਯੂ ਪ੍ਰਦੂਸ਼ਨ ਉੱਤੇ ਕਾਬੂ ਪਾਉਣ। ਚੀਨ ਅਤੇ ਅਮਰੀਕਾ ਤੋਂ ਬਾਅਦ ਗਰੀਨ ਹਾਊਸ ਗੈਸਾਂ ਵਾਤਾਵਰਨ 'ਚ ਛੱਡਣ ਦੇ ਮਾਮਲੇ 'ਚ ਭਾਰਤ ਦਾ ਤੀਜਾ ਥਾਂ ਹੈ ਅਤੇ ਇਹ ਖਦਸ਼ਾ ਹੈ ਕਿ ਇਸ ਸਦੀ ਦੇ ਅੰਤ, ਤੱਕ ਭਾਰਤ ਇਸ ਕੰਮ 'ਚ ਅੱਵਲ ਹੋ ਜਾਵੇਗਾ। ਅਤੇ ਨਾਲ ਹੀ ਅੱਵਲ ਹੋ ਜਾਵੇਗਾ ਦੇਸ਼ ਦਾ ਸਿਆ-ਸਤਦਾਨ, ਆਪਣੇ ਚਹੇਤਿਆਂ ਨੌਕਰਸ਼ਾਹਾਂ ਰਾਹੀਂ ਦੇਸ਼ ਲਈ ਖਰੀਦੇ ਜਾ ਰਹੇ ਰੱਖਿਆ ਅਤੇ ਹੋਰ ਸਮਾਨ ਦੇ ਸੌਦਿਆਂ ਲਈ ਦਲਾਲੀ ਦੇ ਮਾਮਲੇ 'ਚ। ਨਿੱਤ ਦਿਹਾੜੇ ਵਾਪਰਦੇ ਸਕੈਂਡਲਾਂ ਲਈ ਚਰਚਾ 'ਚ ਛਾ ਜਾਏਗਾ, ਸਦੀ ਦੇ ਅੱਧ ਤੱਕ। ਗਊ ਹੱਤਿਆ ਲਈ ਦਲਿਤ ਹੱਤਿਆ, ਦੂਜੇ ਧਰਮਾਂ ਦੀ ਸੋਚ ਤੇ ਆਪਣੇ ਤੋਂ ਵੱਖਰੀ ਸੋਚ ਲਈ ਮੌਤ, ਦੇਸ਼ ਦੇ ਮੂਹਰੇ ਇੱਕ ਵਿਕਰਾਲ ਸਮੱਸਿਆ ਬਣਕੇ ਖੜੀ ਹੈ। ਹੈਂਕੜਬਾਜੀ, ਧੌਸਖੋਰਾਂ, ਦੇਸ਼ ਵਾਸੀਆਂ ਦੀ ਸੰਘੀ ਉੱਤੇ ਹੱਥ ਰੱਖਿਆ ਹੋਇਆ, ਆਮ ਜਨਤਾ ਦਾ ਖੂਨ ਚੂਸਣ ਲਈ ਦਰਿੰਦੇ ਦੇਸ਼ ਦੀ ਸ਼ਾਂਤ ਹਵਾ 'ਚ ਧੂੜ-ਮਿੱਟੀ ਉਡਾਈ ਖੜੇ ਹਨ। ਇਸ ਹਾਲਤ 'ਚ ਭਲਾ ਸਿਆਸਤਦਾਨਾਂ ਤੋਂ ਆਮ ਜਨਤਾ ਕਿਸ ਇਨਸਾਫ ਦੀ ਤਵੱਕੋ ਕਰੇਗੀ ? ਕੀ ਦੇਸ਼ ਦਾ ਵਿਨਾਸ਼ ਸਿਰਫ ਗ੍ਰੀਨ ਹਾਊਸ ਹੀ ਕਰਨਗੀਆਂ, ਕੀ ਦੇਸ਼ ਦਾ ਵਿਨਾਸ਼ ਕਰਨ ਲਈ "ਦੇਸ਼ ਦੇ ਵੱਡੇ ਹਾਊਸ (ਰਾਜ ਸਭਾ, ਲੋਕ ਸਭਾ) 'ਚ ਬੈਠੇ ਉਹ ਚੁਣੇ ਹੋਏ ਮੌਜੂਦਾ ਪ੍ਰਤੀਨਿਧੀ, ਜਿਨ੍ਹਾਂ ਵਿੱਚੋਂ 30% ਪਾਰਟੀਮੈਂਟ ਮੈਬਰਾਂ ਉੱਤੇ ਗੰਭੀਰ ਫੌਜਦਾਰੀ ਕੇਸ ਜਿਨ੍ਹਾਂ 'ਚ ਕਤਲ, ਬਲਾਤਕਾਰ, ਜ਼ਮੀਨ ਹੜਪਣ, ਲੁੱਟ ਮਾਰ, ਕਤਲੋ- ਗਾਰਤ ਜਿਹੇ ਕੇਸ ਦਰਜ਼ ਹਨ ਹੀ ਕਾਫੀ ਨਹੀਂ? ਇਹ ਤੱਥ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰੀਫਾਰਮਜ਼ ਤੇ ਦੀ ਨੈਸ਼ਨਲ ਇਲੈਕਸ਼ਨ ਵਾਚ ਨੇ ਪੇਸ਼ ਕੀਤੇ ਹਨ ਅਤੇ ਦੱਸਿਆ ਹੈ ਕਿ ਦੇਸ਼ ਦੇ ਮੈਂਬਰ ਪਾਰਲੀਮੈਂਟ ਅਤੇ ਵੱਖੋ ਵੱਖਰੀਆਂ ਸੂਬਾ ਵਿਧਾਨ ਸਭਾਵਾਂ ਦੇ 4807 ਪ੍ਰਤੀਨਿਧੀਆਂ ਨੇ ਇਹ ਤੱਥ ਆਪਣੇ ਵਲੋਂ ਚੋਣ ਲੜਨ ਵੇਲੇ ਪੇਸ਼ ਕੀਤੇ ਸਵੈ-ਘੋਸ਼ਣਾ ਪੱਤਰਾਂ 'ਚ ਦਰਜ਼ ਕੀਤੇ ਹਨ।

ਗ੍ਰੀਨ ਹਾਊਸ ਗੈਸਾਂ ਦੀ ਪੈਦਾਵਾਰ ਅਤੇ ਉਨ੍ਹਾਂ ਵਲੋਂ ਦੇਸ਼ ਦੇ ਵਾਤਾਵਰਨ ਨੂੰ ਖਰਾਬ ਕਰਨਾ ਜਿਹਾ ਵਰਤਾਰਾ ਹੀ ਦੇਸ਼ ਦੇ ਸਿਆਸਤਦਾਨਾਂ ਦਾ ਹੈ, ਜੋ ਚੋਣਾਂ ਵੇਲੇ ਕੀਤੀ ਜਾ ਰਹੀ ਆਪਸੀ ਦੂਸ਼ਣਬਾਜੀ ਅਤੇ ਤਾਹਨੇ ਮਿਹਨਿਆਂ ਨਾਲ ਦੇਸ਼ ਦੇ ਲੋਕਾਂ 'ਚ ਵੈਰ ਵਿਰੋਧ ਵਧਾਉਣ ਦਾ ਕਾਰਨ ਬਣਦਾ ਹੈ, ਜਿਸ ਨਾਲ ਦੇਸ਼ 'ਚ ਮਜ਼ਹਬੀ ਦੰਗਾ ਫਸਾਦ, ਆਪਸੀ ਰੰਜ਼ਸ ਵਧਦੀ ਹੈ ਤੇ ਦੇਸ਼ ਦੇ ਸੁਖਾਵੇਂ ਤਾਪਮਾਨ 'ਚ ਵਾਧੇ ਨਾਲ ਰਿਸ਼ਤਿਆਂ ਦਾ ਆਪਸੀ ਸੰਤੁਲਨ ਵਿਗੜਦਾ ਹੈ।

ਮੌਜੂਦਾ ਸਮੇਂ ਅਤੇ ਆਉਣ ਵਾਲੇ ਸਮੇਂ 'ਚ ਦੇਸ਼ ਨੂੰ ਆਲੇ ਦੁਆਲੇ 'ਚ ਸੰਤੁਲਨ ਕਾਇਮ ਰੱਖਣ ਲਈ ਪਹਿਲਾਂ ਹੀ ਪੈਦਾ ਹੋਏ ਗਰਮ ਪ੍ਰਭਾਵ ਤੋਂ ਦੇਸ਼ ਨੂੰ ਬਚਾਉਣਾ ਹੋਵੇਗਾ, ਸਗੋਂ ਇਹ ਵੀ ਨਿਸ਼ਚਿਤ ਕਰਨਾ ਹੋਵੇਗਾ ਕਿ ਲੋਕਾਂ ਨੂੰ ਵੱਧ ਰਹੀ ਅਸਿਹ ਤਪਸ਼ ਦਾ ਅੱਗੋਂ ਸਾਹਮਣਾ ਨਾ ਕਰਨਾ ਪਵੇ? ਇਹ ਤਪਸ਼ ਭਾਵੇਂ ਵਾਤਾਵਰਨ 'ਚ ਹੋਵੇ ਜਾਂ ਸਿਆਸਤ ਵਿੱਚ! ਕਿਉਂਕਿ ਪ੍ਰਸਿੱਧ ਵਿਚਾਰਕ ਮਾਈਕ ਝੂਕਵੀ ਦਾ ਕਹਿਣਾ ਹੈ ਕਿ ਇਸ ਧਰਤੀ ਨੂੰ ਬੇਹਤਰ ਰੂਪ 'ਚ ਆਉਣ ਵਾਲੀ ਪੀੜ੍ਹੀ ਨੂੰ ਸੌਂਪਣਾ ਸਾਡੀ ਸਾਰਿਆਂ ਦੀ ਜ਼ੁੰਮੇਵਾਰੀ ਹੈ।

### ਸਿਲਵਰ ਜੁਬਲੀ ਮੇਲਾ ਗ਼ਦਰੀ ਬਾਬਿਆਂ ਦਾ

# ਚੇਤਨਾ ਦਾ ਚਾਨਣ ਵੰਡ ਗਈ ਨਾਟਕਾਂ ਅਤੇ ਗੀਤਾਂ ਭਰੀ ਰਾਤ

ਜਲੰਧਰ- ਸਿਲਵਰ ਜੁਬਲੀ ਮੇਲਾ ਗ਼ਦਰੀ ਬਾਬਿਆਂ ਦਾ ਨਾਟਕਾਂ ਅਤੇ ਗੀਤਾਂ ਭਰੀ ਰਾਤ ਨੂੰ ਵਿਲੱਖਣ ਰੰਗ 'ਚ ਰੰਗਦਾ ਹੋਇਆ ਅਮਿੱਟ ਯਾਦਾਂ ਛੱਡ ਗਿਆ।

ਨਾਟਕਾਂ ਅਤੇ ਗੀਤਾਂ ਭਰੀ ਰਾਤ ਸਮੇਂ ਦੇਸ਼ ਭਗਤ ਯਾਦਗਾਰ ਹਾਲ ਅੰਦਰ ਬਣਿਆ ਸ਼ਹੀਦ ਭਗਤ ਸਿੰਘ ਯਾਦਗਾਰੀ ਸਟੇਡੀਅਮ ਛੋਟਾ ਪੈ ਗਿਆ। ਘਾਹ ਪਾਰਕ, ਚਾਰ-ਚੁਫੇਰੇ ਪੌੜੀਆਂ ਨੱਕੋ ਨੱਕ ਭਰੀਆਂ ਇਹ ਦ੍ਰਿਸ਼ ਪੇਸ਼ ਕਰ ਰਹੀਆਂ ਸੀ ਕਿ ਗ਼ਦਰੀ ਸ਼ਹੀਦਾਂ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ ਸਮੇਂ ਲੋਕਾਂ ਨੇ ਆਪਣੇ ਇਤਿਹਾਸ ਅਤੇ ਵਿਰਸੇ ਨੂੰ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਕਰਨ ਵੱਲ ਪੁਲਾਂਘਾ ਪੁੱਟੀਆਂ ਹਨ।





ਮੁਲਕ ਦੀ ਮੰਨੀ ਪ੍ਰਮੰਨੀ ਕਹਾਣੀਕਾਰ ਮਹਾਸ਼ਵੇਤਾ ਦੇਵੀ ਦੀ ਕਹਾਣੀ 'ਤੇ ਅਧਾਰਤ '1084ਵੇਂ ਦੀ ਮਾਂ' ਨਾਟਕ ਸੁਚੇਤਕ ਰੰਗ ਮੰਚ ਮੁਹਾਲੀ ਵੱਲੋਂ ਅਨੀਤਾ ਸ਼ਬਦੀਸ਼ ਦੀ ਨਿਰਦੇਸ਼ਨਾ 'ਚ ਖੇਡਿਆ ਗਿਆ। ਇਹ ਨਾਟਕ 1970ਵੇਂ ਦੇ ਦੌਰ ਅੰਦਰ ਕਮਿਊਨਿਸਟ ਇਨਕਲਾਬੀ ਲਹਿਰ ਨੂੰ ਖਤਰਾ ਕਰਨ ਲਈ ਵਿੱਢੇ ਘਿਨੌਣੇ ਹੱਲੇ ਦੀ ਦਾਸਤਾਂ ਪੇਸ਼ ਕਰ ਗਿਆ।

ਡਾ. ਸਵਰਾਜਬੀਰ ਦੀ ਰਚਨਾ ਅਤੇ ਕੇਵਲ ਧਾਲੀਵਾਲ ਦੁਆਰਾ ਨਿਰਦੇਸ਼ਤ ਨਾਟਕ 'ਫ਼ਸਲ' ਉਹਨਾਂ ਅੰਨਦਾਤਿਆਂ ਦੀ ਦਾਸਤਾਂ ਪੇਸ਼ ਕਰ ਗਿਆ ਜਿਹੜੇ ਮਿੱਟੀ 'ਚੋਂ ਹੀਰੇ ਮੋਤੀ ਪੈਦਾ ਕਰਨ ਦੇ ਬਾਵਜੂਦ ਅੱਜ ਕਰਜ਼ੇ ਦੇ ਬੋਝ ਹੇਠ ਆ ਕੇ ਖੁਦਕੁਸ਼ੀਆਂ ਕਰਨ ਲਈ ਮਜ਼ਬੂਰ ਹਨ।

ਗੁਰਮੀਤ ਕੜਿਆਲਵੀ ਦਾ ਲਿਖਿਆ ਅਤੇ ਕੀਰਤੀ ਕਿਰਪਾਲ ਦੀ ਨਿਰਦੇਸ਼ਨਾ 'ਚ ਖੇਡਿਆ ਨਾਟਕ 'ਸਾਰੰਗੀ' ਕਲਮ, ਕਲਾ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਬੋਲੇ ਧਾਵਿਆਂ ਖਿਲਾਫ਼ ਸੰਗਰਾਮ ਜਾਰੀ ਰੱਖਣ ਦਾ ਪੈਗ਼ਾਮ ਦੇ ਗਿਆ। ਭਰੇ ਪੰਡਾਲ ਨੇ ਖੜ੍ਹੇ ਹੋ ਕੇ ਨਾਟਕ ਦੀ ਪੇਸ਼ਕਾਰੀ ਅਤੇ ਵਿਸ਼ਾ-ਵਸਤੂ ਨੂੰ ਦਾਦ ਦਿੱਤੀ।

ਡਾ. ਨਵਜੀਤ ਜੌੜਾ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ 'ਪਗੜੀ ਸੰਭਾਲ ਓ ਜੱਟਾ' ਨੇ ਕਿਸਾਨੀ ਸੰਕਟ ਦੀਆਂ ਪਰਤਾਂ ਪੇਸ਼ ਕੀਤੀਆਂ। ਕਾਮਰੇਡ ਜਗਰੂਪ ਦੇ ਲਿਖੇ ਵਿਕੀ ਮਹੇਸ਼ਰੀ ਦੁਆਰਾ ਨਿਰਦੇਸ਼ਤ ਨਾਟਕ 'ਫੈਸਲਾ' ਬੇਹਤਰੀਨ ਜ਼ਿੰਦਗੀ ਬਣਾਉਣ ਲਈ ਨਵੇਂ ਫੈਸਲੇ ਕਰਨ ਦਾ ਹੋਕਾ ਦੇ ਗਿਆ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਆਗੂ ਉਮਰ ਖ਼ਾਲਿਦ ਨੇ ਖਚਾ ਖਚ ਭਰੇ ਪੰਡਾਲ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁਲਕ ਨਵੀਂ ਆਜ਼ਾਦੀ, ਨਵੀਂ ਜਮਹੂਰੀਅਤ ਅਤੇ ਨਵੀਂ ਕਰਾਂਤੀ ਦੇ ਮੋੜ 'ਤੇ ਹੈ। ਉਹਨੇ ਕਿਹਾ ਕਿ 'ਪਾਸ਼' ਨੇ ਜਿਵੇਂ ਆਪਣੀ ਕਵਿਤਾ 'ਚ ਕਿਹਾ ਸੀ ਕਿ,'ਕੋਈ ਬੀਚ ਕਾ ਰਾਸਤਾ ਨਹੀਂ ਹੋਤਾ' ਇਸੇ ਤਰ੍ਹਾਂ ਅੱਜ ਭਾਰਤੀ ਲੋਕਾਂ ਦੀ ਮੁਕਤੀ ਲਈ ਜ਼ਰੂਰੀ ਹੋ ਗਿਆ ਕਿ ਇਸ ਨਿਜ਼ਾਮ ਨੂੰ ਮੂਲੋਂ ਬਦਲਕੇ ਮਿਹਨਤਕਸ਼ ਲੋਕਾਂ ਦਾ ਆਜ਼ਾਦੀ ਦਾ ਪਰਚਤ ਬੁਲੰਦ ਕੀਤਾ ਜਾਏ।

ਕਮੇਟੀ ਦੇ ਕਾਰਜਕਾਰਨੀ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਡਾ. ਰਘਬੀਰ ਕੌਰ, ਡਾ. ਪਰਮਿੰਦਰ ਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਉਮਰ ਖ਼ਾਲਿਦ ਦਾ ਨਾਟਕਾਂ ਦੀ ਰਾਤ ਕੀਤਾ ਵਿਸ਼ੇਸ਼ ਸਨਮਾਨ।

ਨਵਦੀਪ ਧੌਲਾ, ਅਮਰਜੀਤ ਰਸੂਲਪੁਰੀ, ਜਗਸੀਰ ਜੀਦਾ, ਹੈਪੀ ਭਗਤਾ ਦੀਆਂ ਸੰਗੀਤਕ ਅਤੇ ਰੰਗ ਟੋਲੀਆਂ ਤੋਂ ਇਲਾਵਾ ਅੰਮ੍ਰਿਤਪਾਲ ਬਚਿੱਤਾ ਸਮੇਤ ਦਰਜਣਾਂ ਗਾਇਕਾਂ ਨੇ ਮੇਲੇ ਨੂੰ ਇਨਕਲਾਬੀ ਗਾਇਕੀ ਦੇ ਰੰਗ 'ਚ ਰੰਗਿਆ।

ਨਾਟਕਾਂ ਤੇ ਗੀਤਾਂ ਦੀ ਰਾਤ ਦਾ ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ। ਉਹਨਾਂ ਨੇ ਸਿਲਵਰ ਜੁਬਲੀ ਮੇਲੇ ਤੋਂ ਪ੍ਰੇਰਨਾ ਲੈਂਦਿਆਂ ਲੋਕਾਂ ਨੂੰ ਸੱਦਾ ਦਿੱਤਾ ਕਿ ਪੰਜਾਬ ਭਰ 'ਚ ਅਜੇਹੇ ਗ਼ਦਰੀ ਮੇਲਿਆਂ ਦੀ ਲੜੀ ਜਾਰੀ ਰੱਖੀ ਜਾਏ।

ਪੁਸਤਕ ਪ੍ਰਦਰਸ਼ਨੀ 'ਤੇ ਲੋਕਾਂ ਦੀਆਂ ਭੀੜਾਂ ਜੁੜੀਆਂ ਰਹੀਆਂ। ਲੋਕ ਤਿਓਹਾਰ ਸਮੇਂ ਮਠਿਆਈਆਂ ਖਰੀਦਣ ਵਾਂਗ ਪੁਸਤਕ ਖਰੀਦਦੇ ਰਹੇ।



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop

# 'ਪੰਜਾਬੀ ਬੋਲੀ ਦੀ ਲਿੱਪੀ ਤੇ ਸਾਹਿਤ ਦਾ ਇਤਿਹਾਸ'



ਪ੍ਰੋ: ਐਚ.ਐਲ.ਕਪੂਰ
001- 916- 587-4002

ਭਾਰਤੀ ਭਾਸ਼ਾਵਾਂ ਦੇ ਖੇਤਰ 'ਚ ਪੰਜਾਬੀ ਭਾਸ਼ਾ ਵੀ ਇਕ ਅਜਿਹੀ ਭਾਸ਼ਾ ਹੈ, ਜਿਸ ਦਾ ਖੇਤਰ ਇੰਡੋ-ਆਰੀਅਨ ਭਾਸ਼ਾਵਾਂ ਦੇ ਖੇਤਰ ਤੋਂ ਬਾਹਰ ਵੀ ਮਿਲਦਾ ਹੈ। ਇਸ ਦਾ ਦੂਰੋਂ-ਨੇੜਿਉਂ ਸਬੰਧ ਅੰਗਰੇਜ਼ੀ ਭਾਸ਼ਾ ਨਾਲ ਵੀ ਜਾ ਮਿਲਦਾ ਹੈ, ਜਿਹੜੀ ਕਿ ਇੰਡੋ-ਯੂਰਪੀਅਨ ਭਾਸ਼ਾਵਾਂ ਦੇ ਪਰਿਵਾਰ ਨਾਲ ਸਬੰਧ ਰੱਖਦੀ ਹੈ। ਪੰਜਾਬੀ ਭਾਸ਼ਾ ਖਾਸ ਤੌਰ 'ਤੇ ਭਾਰਤੀ ਤੇ ਪਾਕਿਸਤਾਨੀ ਦੋਹਾਂ ਪੰਜਾਬਾਂ 'ਚ ਬੋਲੀ ਜਾਂਦੀ ਹੈ ਤੇ ਦੋਹਾਂ ਹੀ ਪੰਜਾਬਾਂ 'ਚ ਤੇ ਇਹਨਾਂ ਦੇ ਖੇਤਰ ਤੋਂ ਬਾਹਰ ਵੀ ਬੋਲੀ ਤੇ ਲਿਖੀ ਜਾਂਦੀ ਹੈ ਤੇ ਉਹਨਾਂ ਖੇਤਰਾਂ 'ਚ ਪੰਜਾਬੀ ਦੀਆਂ ਉਪ-ਭਾਸ਼ਾਵਾਂ ਵੀ ਹਨ। ਇਸ ਦਾ ਮੁਹਾਂਦਰਾ ਹਿੰਦੀ ਤੇ ਉਰਦੂ ਦੋਹਾਂ ਨਾਲ ਮਿਲਦਾ-ਜੁਲਦਾ ਹੈ। ਇਹਨਾਂ ਦੋਹਾਂ ਪੰਜਾਬਾਂ ਤੇ ਸੰਸਾਰ ਦੇ ਕਈ ਦੇਸ਼ਾਂ 'ਚ ਇੱਥੋਂ ਦੇ ਕੋਈ 100 ਮਿਲੀਅਨ ਵਸਨੀਕ ਪੰਜਾਬੀ ਭਾਸ਼ਾ ਬੋਲਦੇ ਹਨ।

ਸਾਰੇ ਸੰਸਾਰ 'ਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਦੀ ਲੜੀ 'ਚ ਇਸ ਦਾ 10ਵਾਂ ਸਥਾਨ ਹੈ। ਇਹ ਭਾਰਤ ਦੇ ਪੰਜਾਬ ਸਟੇਟ ਦੀ ਰਾਜ ਭਾਸ਼ਾ ਹੈ। ਪੰਜਾਬ ਤੇ ਹਰਿਆਣਾ ਸਟੇਟ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ 'ਚ ਵੀ ਇਹ ਭਾਸ਼ਾ ਬੋਲੀ ਤੇ ਲਿਖੀ ਜਾਂਦੀ ਹੈ। ਦਿੱਲੀ 'ਚ ਵੀ ਇਹ ਹਿੰਦੀ ਤੇ ਅੰਗਰੇਜ਼ੀ ਭਾਸ਼ਾ ਦੇ ਨਾਲ ਦਫ਼ਤਰੀ ਭਾਸ਼ਾ ਦੇ ਤੌਰ 'ਤੇ ਪ੍ਰਯੋਗ ਕੀਤੀ ਜਾਂਦੀ ਹੈ ਤੇ ਹਰਿਆਣਾ ਰਾਜ 'ਚ ਇਸ ਨੂੰ ਦੂਸਰੀ ਰਾਜ ਭਾਸ਼ਾ ਦਾ ਦਰਜਾ ਪ੍ਰਾਪਤ ਹੈ। ਪੰਜਾਬੀ ਭਾਸ਼ਾ, ਪੰਜਾਬ ਪ੍ਰਾਂਤ ਦੀ ਤੇ ਪਾਕਿਸਤਾਨੀ ਪੰਜਾਬ ਦੀ ਪ੍ਰਾਂਤਕ ਭਾਸ਼ਾ ਹੈ। ਭਾਵੇਂ ਪੰਜਾਬੀ ਭਾਸ਼ਾ, ਪਾਕਿਸਤਾਨੀ ਪੰਜਾਬੀਆਂ ਦੀ ਵੱਡੀ ਗਿਣਤੀ 'ਚ ਬੋਲੀ ਜਾਣ ਵਾਲੀ ਭਾਸ਼ਾ ਹੈ ਪਰ ਇਸ ਦੇ ਫਲਸਰੂਪ ਵੀ ਇਸ ਨੂੰ ਉਥੇ ਰਾਜ ਭਾਸ਼ਾ ਦਾ ਦਰਜਾ ਨਹੀਂ ਦਿੱਤਾ ਗਿਆ। ਪੰਜਾਬੀ ਭਾਸ਼ਾ ਮੱਧਕਾਲੀਨ ਉੱਤਰੀ ਭਾਰਤ ਦੀ ਇਕ ਪ੍ਰਮੁੱਖ ਜਾਨਸ਼ੀਨ ਭਾਸ਼ਾ ਹੈ। ਇਸ ਨੂੰ ਉਸ ਸਮੇਂ ਸੌਰਸੈਨੀ ਪ੍ਰਾਕ੍ਰਿਤ ਭਾਸ਼ਾ ਕਿਹਾ ਜਾਂਦਾ ਸੀ। ਇਸ ਸਮੇਂ ਇਸ ਦਾ ਇਹ ਵੈਦਿਕ-ਭਾਸ਼ਾ (ਸੰਸਕ੍ਰਿਤ) 'ਚੋਂ ਪਰਿਵਰਤਿਤ ਹੋਇਆ, ਪੰਜਾਬੀ ਦੇ ਉਭਰਦੇ ਰੂਪ ਦੇ ਪੜਾਅ ਦਾ ਦੂਸਰਾ ਪ੍ਰਕਿਰਤਿਕ ਰੂਪ ਹੈ। ਗਿਆਰਵੀਂ ਸਦੀ ਤੱਕ ਪਹੁੰਚਦਿਆਂ ਇਹ ਪੰਜਾਬੀ ਦਾ ਸੁਤੰਤਰ ਸੌਰਸੈਨੀ ਅੱਪਭ੍ਰੰਸ਼ਿਕ ਰੂਪ ਬਣ ਜਾਂਦਾ ਹੈ, ਜਿਹੜਾ ਕਿ ਆਧੁਨਿਕ ਪੰਜਾਬੀ ਦੇ ਸਰਲ ਰੂਪ ਦੇ ਬਹੁਤ ਨਜ਼ਦੀਕ ਲੱਗਦਾ ਹੈ। ਇਹ ਆਮ ਲੋਕਾਂ ਦੇ ਬੋਲਚਾਲ ਦੀ ਅੱਪਭ੍ਰੰਸ਼ਿਕ ਬੋਲੀ, ਪੰਜਵੀਂ ਈਸਵੀ ਸਦੀ 'ਚ ਪੰਜਾਬੀ ਦੇ ਪ੍ਰਕਿਰਤਿਕ ਰੂਪ ਦੀ ਉਪ-ਬੋਲੀ ਸੀ। ਸੰਸਕ੍ਰਿਤ ਹਮੇਸ਼ਾ ਹੀ ਵਿਦਵਾਨ ਤੇ ਪੜ੍ਹੇ-ਲਿਖੇ ਲੋਕਾਂ ਦੀ ਬੋਲੀ ਰਹੀ ਹੈ। ਇਹ ਕਦੀ ਵੀ ਕਿਸੇ ਵੀ ਦੌਰ 'ਚ ਆਮ ਲੋਕਾਂ ਦੀ ਬੋਲੀ ਨਹੀਂ ਬਣੀ। ਜਦੋਂ ਈਸਾ ਤੋਂ ਕੋਈ 1500 ਸੌ ਸਾਲ, ਜਾਣੀ ਕਿ ਅੱਜ ਤੋਂ ਕੋਈ 3500 ਸਾਲ ਪਹਿਲਾਂ ਸੰਸਕ੍ਰਿਤ ਭਾਸ਼ਾ 'ਚ ਉੱਤਰੀ ਭਾਰਤ ਦੇ ਖੇਤਰ 'ਚ 'ਰਿਗਵੇਦ' ਲਿਖਿਆ ਗਿਆ, ਉਸ ਸਮੇਂ ਇਸ ਖਿੱਤੇ ਦੇ ਆਮ ਲੋਕਾਂ ਦੀ ਬੋਲੀ ਪ੍ਰਾਕ੍ਰਿਤ ਸੀ। ਕਾਫ਼ੀ ਸਮਾਂ ਬਾਅਦ ਜਦੋਂ ਪ੍ਰਾਕ੍ਰਿਤ ਵਿਦਵਾਨ ਲੋਕਾਂ ਦੀ ਬੋਲੀ ਬਣ ਗਈ ਤਾਂ ਉਸ ਸਮੇਂ ਸੌਰਸੈਨੀ ਅਪਭ੍ਰੰਸ਼ ਆਮ ਲੋਕਾਂ ਦੀ ਬੋਲੀ ਵਜੋਂ ਵਰਤੀ ਜਾਣੀ ਆਰੰਭ ਹੋ ਗਈ ਤੇ ਜਦੋਂ ਅਪਭ੍ਰੰਸ਼ ਵਿਦਵਾਨਾਂ ਦੀ ਬੋਲੀ ਬਣ ਗਈ ਤਾਂ ਉਸ ਤੋਂ ਬਾਅਦ ਪੰਜਾਬੀ ਤੇ ਹਿੰਦੀ ਆਮ ਲੋਕਾਂ ਦੀ ਬੋਲੀ ਬਣ ਗਈ। ਇਸ ਤਰ੍ਹਾਂ ਪੰਜਾਬੀ ਤੇ ਹਿੰਦੀ ਬੋਲੀ ਦੋਹਾਂ ਦਾ ਅੱਗੜ-ਪਿੱਛੜ ਜਾਣੀ ਪੰਜਾਬੀ ਬੋਲੀ ਦਾ ਪਹਿਲਾ ਤੇ ਹਿੰਦੀ ਦਾ ਵਿਕਾਸ ਥੋੜ੍ਹਾ ਸਮਾਂ ਬਾਅਦ 'ਚ ਹੋਇਆ। ਬੋਲੀ 'ਚ ਹਮੇਸ਼ਾ ਵਿਕਾਸ ਤੇ ਪਰਿਵਰਤਨ ਆਉਂਦਾ ਰਹਿੰਦਾ ਹੈ ਤੇ ਹਮੇਸ਼ਾ ਆਉਂਦਾ ਵੀ ਰਹੇਗਾ।

ਗਿਆਰਵੀ-ਬਾਰਵੀਂ ਸਦੀ ਤੱਕ ਪਹੁੰਚਦਿਆਂ ਕਈ ਪ੍ਰਾਚੀਨ ਰਹੱਸਵਾਦੀ ਸੂਫ਼ੀ ਲੇਖਕਾਂ ਜਿਹਨਾਂ 'ਚ ਬਾਬਾ ਸ਼ੇਖ ਫ਼ਰੀਦ ਜੀ ਦਾ ਨਾਂ ਪ੍ਰਮੁੱਖ ਤੌਰ 'ਤੇ ਲਿਆ ਜਾ ਸਕਦਾ ਹੈ, ਤੇ ਬਾਅਦ 'ਚ ਗੁਰੂ ਨਾਨਕ ਦੇਵ ਜੀ ਜੋ ਸਿੱਖ ਧਰਮ ਦੇ ਪਹਿਲੇ ਗੁਰੂ ਸਨ, ਨੇ ਪੰਜਾਬੀ ਭਾਸ਼ਾ 'ਚ ਸਾਹਿਤਕ ਰਚਨਾ ਆਰੰਭ ਕੀਤੀ। ਪੰਜਾਬੀ ਸਾਹਿਤ ਦੇ ਇਤਿਹਾਸ ਦੇ ਆਰੰਭਕ ਦੌਰ ਦਾ ਜ਼ਿਆਦਾ ਸਾਹਿਤ ਮੌਖਿਕ ਜਾਂ ਜ਼ਬਾਨੀ ਹੀ ਰਚਿਆ ਤੇ ਯਾਦ ਰੱਖਿਆ ਜਾਂਦਾ ਸੀ ਤੇ ਉਹ ਰਚਾਇਤਾ ਆਪ ਤੇ ਆਪਣੇ ਚੇਲਿਆਂ ਨੂੰ ਵੀ ਮੌਖਿਕ ਸਾਹਿਤ ਜ਼ਬਾਨੀ ਯਾਦ ਕਰਵਾ ਦਿੰਦਾ ਸੀ, ਜਿਹੜਾ ਕਿ ਇਸ ਦਾ ਇਕ ਬੜਾ ਅਮੀਰ ਖ਼ਜ਼ਾਨਾ ਸੀ ਤੇ ਜ਼ਿਆਦਾਤਰ ਸਿਧਾਂਤਕ ਤੌਰ 'ਤੇ ਇਹ ਅਧਿਆਤਮਕ ਸਾਹਿਤ ਹੀ ਹੁੰਦਾ ਸੀ। ਕਈ ਵਾਰ ਮੌਖਿਕ ਸਾਹਿਤ ਰਚਣ ਤੇ ਯਾਦ ਕਰਨ ਵਾਲੇ ਵਿਅਕਤੀ ਦੀ ਮੌਤ ਹੋ ਜਾਣ 'ਤੇ ਉਸ ਰਚੇ ਹੋਏ ਮੌਖਿਕ ਸਾਹਿਤ ਦੀ ਵੀ ਨਾਲ ਹੀ ਮੌਤ ਹੋ ਜਾਂਦੀ ਸੀ। ਸੰਨ 1600 ਤੋਂ 1850 ਤੱਕ ਕਈ ਮੁਸਲਮਾਨ ਸੂਫ਼ੀ, ਸਿੱਖ ਤੇ ਹਿੰਦੂ ਪੰਜਾਬੀ ਲਿਖਾਰੀਆਂ ਨੇ ਪੰਜਾਬੀ ਸਾਹਿਤ ਦੀ ਬਹੁਤ ਵਧੀਆ ਰਚਨਾ ਕੀਤੀ। ਮੁਸਲਮਾਨ ਸੂਫ਼ੀ ਲਿਖਾਰੀਆਂ 'ਚੋਂ ਬਾਬਾ ਬੁੱਲ੍ਹੇ ਸ਼ਾਹ ਬਹੁਤ ਮਸ਼ਹੂਰ ਨਾਮ ਹੈ, ਜਿਹਨਾਂ ਨੇ ਮੁਸਲਮਾਨ ਸ਼ਰੀਅਤ ਦੇ ਖ਼ਿਲਾਫ਼ ਪੰਜਾਬੀ ਭਾਸ਼ਾ 'ਚ ਕਾਫੀ ਸਾਹਿਤ ਰਚਿਆ। ਉਹ ਇਸਲਾਮ ਧਰਮ ਦੀ ਸ਼ਰ੍ਹਾ 'ਚ ਵਿਸ਼ਵਾਸ ਨਹੀਂ ਰੱਖਦੇ ਸਨ। ਪੰਜਾਬੀ ਬੋਲੀ ਦੀਆਂ ਵੱਖ-ਵੱਖ ਉਪ-ਭਾਸ਼ਾਵਾਂ 'ਚ ਪੰਜਾਬ ਦੇ ਵੱਖ-ਵੱਖ ਖਿੱਤਿਆਂ 'ਚ ਅਜਿਹਾ ਸਾਹਿਤ ਰਚਿਆ ਗਿਆ, ਉਹਨਾਂ ਉਪ-ਭਾਸ਼ਾਵਾਂ ਦੇ ਨਾਮ ਇਸ ਤਰ੍ਹਾਂ ਹਨ:- ਮਾਝੀ, ਝਾਂਗੀ ਜਾਂ ਰਚਨਾਵੀ, ਸ਼ਾਹਪੁਰੀ, ਪੋਠੋਹਾਰੀ, ਹਿੰਦਕੋ, ਮਲਵਈ, ਦੁਆਬੀ ਤੇ ਪੁਆਧੀ ਹਨ।

ਜ਼ਿਆਦਾਤਰ ਦੋ ਲਿੱਪੀਆਂ 'ਚ ਪੰਜਾਬੀ ਸਾਹਿਤ ਰਚਿਆ ਗਿਆ। ਪੰਜਾਬੀ ਬੋਲਦੇ ਮੁਸਲਮਾਨ ਲਿਖਾਰੀ ਜ਼ਿਆਦਾਤਰ ਸ਼ਾਹਮੁਖੀ (ਪਰਸੋ-ਆਰਬਿਕ ਲਿੱਪੀ ਜਿਹੜੀ ਕਿ ਸੱਜੇ ਤੋਂ ਖੱਬੇ ਵੱਲ ਲਿਖੀ ਜਾਂਦੀ ਹੈ) ਲਿਖਦੇ ਸਨ। ਪੰਜਾਬੀ ਬੋਲਦੇ ਸਿੱਖ ਲਿਖਾਰੀ ਜ਼ਿਆਦਾਤਰ ਪੰਜਾਬੀ ਸਾਹਿਤ ਗੁਰਮੁਖੀ ਲਿੱਪੀ (ਸਿੱਖ ਗੁਰੂ ਸਾਹਿਬਾਨ ਨੇ ਆਪਣਾ ਪੰਜਾਬੀ ਸਾਹਿਤ ਬ੍ਰਹਮੀ ਲਿੱਪੀ 'ਚ ਲਿਖਿਆ ਪਰ ਪਹਿਲੀ ਵਾਰ ਇਸ ਲਿੱਪੀ ਦੀ ਵਰਤੋਂ ਗੁਰੂ ਸਾਹਿਬ ਦੇ ਕਰਨ ਕਰਕੇ ਇਸ ਲਿੱਪੀ ਨੂੰ ਗੁਰਮੁਖੀ ਲਿੱਪੀ ਕਿਹਾ ਜਾਣ ਲੱਗ ਪਿਆ) ਲਿਖਦੇ ਸਨ। ਇਸ ਲਿੱਪੀ ਦਾ ਗੁਰੂ ਅੰਗਦ ਦੇਵ ਜੀ ਨੇ ਕਾਫੀ ਵਿਕਾਸ ਕੀਤਾ। ਪੰਜਾਬੀ ਤੇ ਗੁਰਮੁਖੀ ਨੂੰ ਦੋ ਵੱਖ-ਵੱਖ ਭਾਸ਼ਾਵਾਂ ਦੇ ਤੌਰ 'ਤੇ ਸਮਝਿਆ ਜਾਂਦਾ ਹੈ। ਇਕ ਉਹ ਪੰਜਾਬੀ ਭਾਸ਼ਾ ਹੈ ਜੋ ਆਮ ਲੋਕਾਂ ਦੀ ਬੋਲਚਾਲ ਦੀ ਬੋਲੀ ਹੈ ਤੇ ਦੂਸਰੀ ਉਹ ਭਾਸ਼ਾ ਹੈ, ਜਿਸ ਭਾਸ਼ਾ 'ਚ 'ਗੁਰੂ ਗ੍ਰੰਥ' ਸਾਹਿਬ ਦੀ ਰਚਨਾ ਹੋਈ ਹੈ ਤੇ ਗੁਰਮੁਖੀ ਇਸ ਦੀ ਲਿੱਪੀ ਹੈ। ਗੁਰਮੁਖੀ ਲਿੱਪੀ ਜਿਹੜੀ ਕਿ ਬ੍ਰਹਮੀ ਲਿੱਪੀ 'ਚੋਂ ਲਈ ਗਈ ਹੈ ਜਿਸ ਨੂੰ ਮਹਾਰਾਜਾ ਅਸ਼ੋਕ ਨੇ ਆਪਣੀ ਰਾਜ ਭਾਸ਼ਾ ਵਜੋਂ ਆਪਣੇ ਆਦੇਸ਼ਾਂ ਨੂੰ ਭੇਜਣ ਲਈ ਅਪਣਾਇਆ ਸੀ ਤੇ ਗੁਰੂ ਸਾਹਿਬ ਦੇ ਇਸ ਲਿੱਪੀ ਦੇ ਅੱਖਰਾਂ ਨੂੰ ਪ੍ਰਯੋਗ ਕਰਨ ਤੋਂ ਬਹੁਤ ਸਮਾਂ ਪਹਿਲਾਂ, ਇਹ ਬ੍ਰਹਮੀ ਲਿੱਪੀ ਭਾਰਤ ਦੇ ਉੱਤਰੀ ਖੇਤਰ'ਚ ਪ੍ਰਚੱਲਿਤ ਸੀ।

**ਪੰਜਾਬੀ ਸਾਹਿਤ :-** ਪੰਜਾਬੀ ਸਾਹਿਤ ਦਾ ਇਤਿਹਾਸ ਕੋਈ ਬਹੁਤ ਪੁਰਾਣਾ ਨਹੀਂ ਹੈ, ਭਾਵੇਂ ਡਾ: ਮੋਹਨ ਸਿੰਘ ਦੀਵਾਨਾ ਆਪਣੀ ਪੁਸਤਕ 'ਐਨਇੰਟਰੋਡਕਸ਼ਨ ਟੂ ਦੀ ਸਟੱਡੀ ਆਫ਼ ਪੰਜਾਬੀ ਲਿਟਰੇਚਰ' 'ਚ ਪੰਜਾਬੀ ਸਾਹਿਤ ਦੀਆਂ ਅੱਠਵੀਂ ਸਦੀ ਦੀਆਂ ਯੋਗੀਆਂ-ਨਾਥਾਂ ਦੇ ਕਾਲ ਦੀਆਂ ਕਾਵਿਕ ਰਚਨਾਵਾਂ ਤੋਂ ਆਰੰਭ ਹੋਇਆ ਦੱਸਦਾ ਹੈ ਤੇ ਆਪਣੀ ਇਸ ਇਤਿਹਾਸ ਦੀ ਪੁਸਤਕ 'ਚ ਕਵਿਤਾ ਤੇ ਭਜਨਾਂ ਆਦਿ ਦੇ ਨਮੂਨੇ ਵੀ ਪੇਸ਼ ਕਰਦਾ ਹੈ ਤੇ ਇਹ ਵੀ ਕਹਿੰਦਾ ਹੈ ਕਿ ਪੰਜਾਬੀ ਭਾਸ਼ਾ ਇਕ ਪ੍ਰਾਚੀਨ ਭਾਸ਼ਾ ਹੈ। ਪੰਜਾਬੀ ਸਾਹਿਤ ਨੂੰ ਲਿਖਣ ਲਈ ਦੋ ਵੱਖ-ਵੱਖ ਲਿੱਪੀਆਂ ਸ਼ਾਹਮੁਖੀ ਤੇ ਗੁਰਮੁਖੀ ਦੀ ਵਰਤੋਂ ਕੀਤੀ ਜਾਂਦੀ ਹੈ। ਗੁਰਮੁਖੀ ਲਿੱਪੀ ਦਾ ਆਧਾਰ ਦੇਵਨਾਗਰੀ (ਜਿਹੜਾ ਕਿ ਬ੍ਰਹਮੀ ਲਿੱਪੀ ਦਾ ਹੀ ਰੂਪ ਹੈ ਤੇ ਸੰਸਕ੍ਰਿਤ ਭਾਸ਼ਾ ਇਸੇ ਹੀ ਲਿੱਪੀ 'ਚ ਲਿਖੀ ਜਾਂਦੀ ਹੈ) ਲਿੱਪੀ ਹੈ। ਸਿੱਖ ਧਰਮ ਦੇ 'ਆਦਿ ਗ੍ਰੰਥ' ਜਿਸ ਨੂੰ 'ਗੁਰੂ ਗ੍ਰੰਥ' ਸਾਹਿਬ ਵੀ ਕਿਹਾ ਜਾਂਦਾ ਹੈ, ਜਿਹੜਾ ਕਿ ਮੱਧਕਾਲੀਨ (ਮੱਧ ਯੁੱਗ) ਸਮੇਂ 'ਚ ਪੰਜਾਬੀ ਭਾਸ਼ਾ 'ਚ ਲਿਖਿਆ ਗਿਆ, ਦੀ ਲਿੱਪੀ ਗੁਰਮੁਖੀ ਲਿੱਪੀ ਹੈ। ਸਿੱਖ ਧਰਮ ਦਾ ਇਹ ਗ੍ਰੰਥ ਕੋਈ ਬਹੁਤ ਪੁਰਾਤਨ ਸਮਿਆਂ 'ਚ ਨਹੀਂ ਲਿਖਿਆ ਗਿਆ। 'ਗੁਰੂ ਗ੍ਰੰਥ ਸਾਹਿਬ' 'ਚ ਪੰਜਾਬੀ ਸਾਹਿਤ ਦੇ ਮਸ਼ਹੂਰ ਕਵੀ ਬਾਬਾ ਸ਼ੇਖ ਫ਼ਰੀਦ (1173-1266 ਈਸਵੀ) ਜੀ ਦੇ 112 ਸ਼ਲੋਕ ਦਰਜ ਹਨ ਤੇ 'ਇਕਾਦਸ਼ੀ ਮਹਾਤਮ' ਜਿਹੜੀ ਕਿ ਵਾਰਤਕ ਦੀ ਰਚਨਾ ਹੈ, ਪੰਜਾਬੀ ਸਾਹਿਤ ਦੀਆਂ ਪੁਰਾਤਨ ਰਚਨਾਵਾਂ ਹਨ।

ਮੱਧ ਯੁੱਗ 'ਚ ਬਾਹਰੀ ਅਫਗਾਨੀ ਹਮਲਿਆਂ ਤੇ ਭਾਰਤ ਦੇ ਅੰਦਰੂਨੀ ਰਾਜਿਆਂ ਦੀਆਂ ਆਪਸੀ ਲੜਾਈਆਂ ਦੇ ਬਾਵਜੂਦ ਵੀ ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ 'ਚ ਹੌਲੀ-ਹੌਲੀ ਵਾਧਾ ਹੁੰਦਾ ਗਿਆ ਤੇ ਉਹ ਇਕ ਪ੍ਰਤੱਖ ਨਵੇਂ ਮੁਕਾਮ 'ਤੇ ਪਹੁੰਚ ਗਿਆ। ਜਦੋਂ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ (1469-1539) ਨੇ ਪੰਜਾਬੀ ਸਾਹਿਤ ਦੇ ਵਿਕਾਸ 'ਚ ਆਪਣੀਆਂ ਮਹਾਨ ਰਚਨਾਵਾਂ ਰਾਹੀਂ ਬੜਾ ਵੱਡਾ ਯੋਗਦਾਨ ਪਾਇਆ। ਗੁਰੂ ਅਰਜਨ ਦੇਵ ਜੀ (1563-1606) ਨੇ 'ਗੁਰੂ ਗ੍ਰੰਥ' ਸਾਹਿਬ ਦੀ ਸੰਪਾਦਨਾ ਕੀਤੀ। ਦਸਵੇਂ ਤੇ ਆਖਰੀ ਗੁਰੂ ਗੋਬਿੰਦ ਸਿੰਘ ਜੀ (1666-1708) ਨੇ ਪੁਰਾਣੀ ਹਿੰਦੀ 'ਚ ਕਈ ਧਾਰਮਿਕ ਰਚਨਾਵਾਂ ਕੀਤੀਆਂ ਤੇ ਪੰਜਾਬੀ ਭਾਸ਼ਾ 'ਚ 'ਚੰਡੀ ਦੀ ਵਾਰ' ਲਿਖੀ ਜਿਹੜੀ ਕਿ ਦੁਰਗਾ ਦੀ, ਦੈਂਤਾਂ ਤੇ ਰਾਖਸ਼ਾਂ 'ਤੇ ਜਿੱਤ ਦਾ ਪ੍ਰਤੀਕ ਹੈ ਤੇ ਇਸ ਤੋਂ ਇਲਾਵਾ ਪੰਜਾਬੀ 'ਚ ਇਕ ਸ਼ਬਦ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਵੀ ਲਿਖੇ। 'ਗੁਰੂ ਗ੍ਰੰਥ' ਸਾਹਿਬ ਦੀ ਸੰਪਾਦਨਾ ਕਰਕੇ ਮੱਧ ਯੁੱਗ ਦੇ 17ਵੀਂ ਸਦੀ ਦੇ ਕਾਲ ਨੂੰ 'ਗੁਰੂ ਗ੍ਰੰਥ' ਸਾਹਿਬ ਦੀ ਸੰਪਾਦਨਾ ਤੇ ਗੁਰੂਆਂ ਦੇ ਪੰਜਾਬੀ ਭਾਸ਼ਾ ਲਈ ਕੀਤੇ ਗਏ ਰਚਨਾਤਮਕ ਕੰਮਾਂ ਨੂੰ ਜਿਸ ਦਾ ਕੋਈ ਦੋ ਸੌ ਸਾਲ ਦਾ ਸਮਾ ਬਣਦਾ ਹੈ, ਦੇ ਕਾਰਨ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਸੁਨਹਿਰੀ ਯੁੱਗ ਕਿਹਾ ਜਾਂਦਾ ਹੈ। ਇਸ ਸਮੇਂ ਦੀ ਜ਼ਿਆਦਾਤਰ ਰਚਨਾ ਵਾਰਤਕ ਦੇ ਰੂਪ 'ਚ ਹੈ ਜਿਸ ਦਾ ਮੂਲ ਰੂਪ ਸੁਭਾਅ ਧਾਰਮਿਕਤਾ ਦਾ ਹੀ ਹੈ। ਇਸ ਸਮੇਂ ਦਾ ਜ਼ਿਆਦਾਤਰ ਵਾਰਤਕ ਸਾਹਿਤ ਜਨਮ ਸਾਖੀਆਂ, ਵਚਨ, ਸਾਖੀਆਂ, ਪਰਮਾਰਥ, ਪਰਚੀਆਂ, ਉਥਾਨਕਾਵਾਂ ਤੇ ਗੋਸ਼ਟਾਂ ਦੇ ਰੂਪ 'ਚ ਹੈ। ਇਹ ਵਾਰਤਕ ਸਾਹਿਤ ਜ਼ਿਆਦਾਤਰ ਕਿਸੇ ਵਿਅਕਤੀ ਵਿਸ਼ੇਸ਼ ਦੀਆਂ ਸਿੱਖਿਆਵਾਂ ਤੇ ਗੁਰੂ ਨਾਨਕ ਸਾਹਿਬ ਦੀ ਜੀਵਨੀ ਤੋਂ ਆਰੰਭ ਹੁੰਦਾ ਹੈ। ਇਸ ਸਮੇਂ 'ਚ ਧਾਰਮਿਕ ਵਾਰਾਂ ਪ੍ਰਮਾਤਮਾ ਦੀ ਸਿਫਤ-ਸਲਾਹ 'ਚ ਤੇ ਕਈ ਵੀਰ ਰਸੀ ਵਾਰਾਂ ਰਾਜਿਆਂ ਤੇ ਉਹਨਾਂ ਦੇ ਯੋਧਿਆਂ ਦੀਆਂ ਬਹਾਦਰੀ ਸਬੰਧੀ, ਵੀ ਲਿਖੀਆਂ ਗਈਆਂ ਹਨ।

ਮੁਸਲਮਾਨ ਲਿਖਾਰੀਆਂ ਨੇ 1600 ਤੋਂ 1850 ਦੇ ਸਮੇਂ ਦਰਮਿਆਨ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ। ਇਸੇ ਸਮੇਂ ਦੌਰਾਨ ਬਹੁਤ ਸਾਰੇ ਹਿੰਦੂ ਤੇ ਸਿੱਖ ਲਿਖਾਰੀਆਂ ਨੇ ਵੀ ਪੰਜਾਬੀ ਸਾਹਿਤ ਦੇ ਜਗਤ 'ਚ ਬਹੁਤ ਮਹੱਤਵਪੂਰਨ ਰਚਨਾਵਾਂ ਨਾਲ ਯੋਗਦਾਨ ਪਾਇਆ। ਸਤਾਰ੍ਹਵੀਂ ਸਦੀ 'ਚ ਪੰਜਾਬੀ ਲਿਖਾਰੀਆਂ ਨੇ ਆਪਣੀਆਂ ਰਚਨਾਵਾਂ ਤਿੰਨ ਲਿੱਪੀਆਂ ਪਰਸੋ-ਆਰਬਿਕ (ਫਾਰਸੀ-ਅਰਬੀ), ਨਾਗਰੀ ਤੇ ਗੁਰਮੁਖੀ ਲਿੱਪੀ 'ਚ ਲਿਖੀਆਂ। ਇਸ ਸਮੇਂ ਇਸਲਾਮ ਧਰਮ 'ਤੇ ਥੀਸਿਸ (ਖੋਜ-ਪੱਤਰ), ਬਾਰਾਂ ਅਨਵਾ ਜਾਂ ਬਾਰਾਂ ਵਿਸ਼ਿਆਂ 'ਤੇ ਮੁਸਲਮਾਨ ਲਿਖਾਰੀ ਅਬਦੁਲਾ ਨੇ ਲਿਖਿਆ। ਅਣਗਿਣਤ ਮੁਸਲਮਾਨ ਸੂਫ਼ੀ ਲਿਖਾਰੀਆਂ ਨੇ ਨਿਰੋਲ ਪੰਜਾਬੀ 'ਚ ਆਪਣੀਆਂ ਰਚਨਾਵਾਂ ਲਿਖੀਆਂ। ਇਹਨਾਂ 'ਚ ਬਾਬਾ ਬੁੱਲ੍ਹੇਸ਼ਾਹ (1680-1758) ਦਾ ਵਿਸ਼ੇਸ਼ ਸਥਾਨ ਹੈ, ਜਿਹਨਾਂ ਦੀਆਂ ਕਾਫ਼ੀਆਂ (ਛੇ ਪਹਿਰਿਆਂ ਵਾਲੀਆਂ ਛੋਟੀਆਂ ਕਵਿਤਾਵਾਂ) ਬਹੁਤ ਹੀ ਮਕਬੂਲ ਹੋਈਆਂ ਤੇ ਉਹਨਾਂ ਨੇ ਬੜੀ ਪ੍ਰਸਿੱਧਤਾ ਹਾਸਲ ਕੀਤੀ। ਉਹਨਾਂ ਦੇ ਸਮਕਾਲੀ ਕਵੀ ਅਲੀ ਹੈਦਰ (1689-1776) ਨੇ ਛੀ ਹਰਫੀਆਂ ਜਾਂ ਕਵਿਤਾਵਾਂ ਲਿਖੀਆਂ। ਇਹ ਕਵਿਤਾਵਾਂ ਦੀ ਬਣਤਰ 30 ਪਹਿਰਿਆਂ ਦੀ ਹੈ ਤੇ ਹਰ ਪਹਿਰਾ ਫਾਰਸੀ ਭਾਸ਼ਾ ਦੇ ਅੱਖਰ ਨਾਲ ਸ਼ੁਰੂ ਹੁੰਦਾ ਹੈ। ਪੰਜਾਬੀ ਸਾਹਿਤ ਦਾ ਸਿਰਮੌਰ ਕਿੱਸਾਕਾਰ ਸੱਯਦ ਵਾਰਿਸ ਸ਼ਾਹ ਉਕਤ ਕਵੀਆਂ ਦੀ ਲੜੀ ਦਾ ਬਹੁਤ ਹੀ ਮਹਾਨ ਕਵੀ ਹੈ, ਜਿਸ ਨੇ ਹੀਰ-ਰਾਂਝੇ ਦੀ ਕਹਾਣੀ ਨੂੰ ਦੁਖਾਂਤਕ ਪੇਸ਼ ਕੀਤਾ। ਇਸ ਰਚਨਾ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਸਿਰਮੌਰ ਰਚਨਾ ਦਾ ਸਥਾਨ ਪ੍ਰਾਪਤ ਹੈ। ਇਹ ਰਚਨਾ ਪੰਜਾਬੀ ਸਾਹਿਤ ਦੇ ਇਤਿਹਾਸ 'ਚ 'ਇਕ ਮੀਲ ਪੱਥਰ' ਸਥਾਪਤ ਹੋਈ ਹੈ। ਕਈ ਸਾਹਿਤਕਾਰ ਅਕਸਰ ਕਈ ਵਾਰ ਕਹਿ ਦਿੰਦੇ ਹਨ ਕਿ ਜੇਕਰ ਵਾਰਿਸ ਸ਼ਾਹ ਦੀ 'ਹੀਰ-ਰਾਂਝਾ' ਰਚਨਾ ਨੂੰ ਪੰਜਾਬੀ ਸਾਹਿਤ 'ਚੋਂ ਮਨਫ਼ੀ ਕਰ ਦਿੱਤਾ ਜਾਵੇ ਤਾਂ ਬਾਕੀ ਫਿਰ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਸਿਰਫ਼ ੳ, ਅ ਹੀ ਰਹਿ ਜਾਂਦਾ ਹੈ। ਅਠਾਰਵੀਂ ਸਦੀ ਦੇ ਕਾਲ 'ਚ ਇਤਿਹਾਸਕ ਮਹਾਂਪੁਰਸ਼ਾਂ ਦੇ ਜੀਵਨ 'ਤੇ ਲੰਬੀਆਂ ਕਵਿਤਾਵਾਂ ਲਿਖੀਆਂ ਗਈਆਂ। ਇਹਨਾਂ ਕਵਿਤਾਵਾਂ ਨੂੰ ਕਥਾਨਕ ਵਾਲੀਆਂ ਕਵਿਤਾਵਾਂ ਵੀ ਕਹਿੰਦੇ ਹਨ। ਹਮੀਦ (1696-1776) ਦਾ 'ਜੰਗਨਾਮਾ' ਇਸ ਦਾ ਪ੍ਰਤੱਖ ਰੂਪ ਕਿਹਾ ਜਾ ਸਕਦਾ ਹੈ। ਪਿਆਰ, ਸਦਾਚਾਰ ਤੇ ਸੂਫ਼ੀ ਰਹੱਸਵਾਦੀ ਵਿਸ਼ਿਆਂ 'ਤੇ ਬੜੀ ਸ਼ਰਧਾ ਨਾਲ ਕਵਿਤਾਵਾਂ ਲਿਖੀਆਂ ਗਈਆਂ। ਅਜਿਹਾ ਸਾਹਿਤ ਰਚਣ 'ਚ ਅਰੂੜ ਰਾਏ, ਈਸ਼ਰਦਾਸ, ਕਿਸ਼ਨ ਸਿੰਘ ਆਰਿਫ, ਹਿਦਾਇਤਉੱਲਾ ਤੇ ਮੁਹੰਮਦ ਬੂਟਾ ਦਾ ਨਾਂ ਵਰਣਨਯੋਗ ਹੈ।




1849 'ਚ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰ ਲੈਣ ਬਾਅਦ ਹਿੰਦੂ ਧਰਮ 'ਚ ਸੁਧਾਰ ਦੀਆਂ ਲਹਿਰਾਂ ਆਰੀਆ ਸਮਾਜ ਤੇ ਸਨਾਤਨ ਧਰਮ ਨੇ ਆਪਣੇ ਮਿਸ਼ਨ ਦਾ ਪ੍ਰਚਾਰ ਹਿੰਦੀ ਭਾਸ਼ਾ 'ਚ ਬੜੀ ਜ਼ੋਰ-ਸ਼ੋਰ ਨਾਲ ਸ਼ੁਰੂ ਕੀਤਾ। ਇਸ ਨਾਲ ਹਿੰਦੀ ਭਾਸ਼ਾ ਦੀ ਪੰਜਾਬ 'ਚ ਬੜੀ ਚੜ੍ਹਤ ਹੋ ਗਈ। ਇਸ ਸਮੇਂ ਪੰਜਾਬੀ ਭਾਸ਼ਾ ਲਈ ਗੁਰਮੁਖੀ ਲਿੱਪੀ ਸਿਰਫ਼ ਸਿੱਖ ਧਰਮ ਦੇ ਲੋਕ ਹੀ ਵਰਤੋਂ 'ਚ ਲਿਆਉਂਦੇ ਸਨ।

ਪੰਜਾਬੀ ਸਾਹਿਤ ਦੇ ਇਤਿਹਾਸ 'ਚ 1850 ਤੋਂ 1900 ਤੱਕ ਦੇ ਸਮੇਂ ਨੂੰ ਜਾਗਰਤੀ ਕਾਲ ਕਹਿੰਦੇ ਹਨ। ਪੰਜਾਬੀ ਸਾਹਿਤ ਦੇ ਇਤਿਹਾਸ 'ਚ ਭਾਈ ਵੀਰ ਸਿੰਘ (1872-1957) ਦੀਆਂ ਰਚਨਾਵਾਂ ਨਾਲ 'ਆਧੁਨਿਕ ਪੰਜਾਬੀ' ਦਾ ਨਵਾਂ ਦੌਰ ਸ਼ੁਰੂ ਹੁੰਦਾ ਹੈ ਤੇ ਉਹਨਾਂ ਦੇ ਪੰਜਾਬੀ ਸਾਹਿਤ 'ਚ ਪਾਏ ਗਏ ਵਡਮੁੱਲੇ ਯੋਗਦਾਨ ਕਾਰਨ ਤੇ ਪੰਜਾਬੀ ਸਾਹਿਤ ਦਾ ਹਰ ਰੂਪ ਲਿਖਣ ਕਾਰਨ ਉਹਨਾਂ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਪਿਤਾਮਾ ਵੀ ਕਿਹਾ ਜਾਂਦਾ ਹੈ। ਉਹਨਾਂ ਨੇ 'ਰਾਣਾ ਸੂਰਤ ਸਿੰਘ' ਮਹਾਂ-ਕਾਵਿ ਲਿਖਿਆ ਜਿਸ ਦੀਆਂ 13000 ਕਾਵਿਕ ਸੱਤਰਾਂ ਹਨ। ਇਸ ਉਪਲਬਧੀ ਕਾਰਨ ਉਹਨਾਂ ਨੂੰ ਪਦਮਸ਼੍ਰੀ ਵਰਗੇ ਵਕਾਰੀ ਸਨਮਾਨ ਨਾਲ ਸਨਮਾਨਿਆ ਗਿਆ।

ਪ੍ਰੋ. ਪੂਰਨ ਸਿੰਘ (1882-1932) ਭਾਈ ਵੀਰ ਸਿੰਘ ਤੋਂ ਬਾਅਦ ਪੰਜਾਬੀ ਸਾਹਿਤ ਦੇ ਵੱਡੇ ਕਵੀ ਸਨ। ਉਹਨਾਂ ਨੂੰ ਪੰਜਾਬ ਦੇ ਰਵਿੰਦਰ ਨਾਥ ਟੈਗੋਰ ਕਿਹਾ ਜਾਂਦਾ ਸੀ। ਉਨ੍ਹਾਂ ਨੇ ਪੰਜਾਬੀ 'ਚ ਛੰਦਾ-ਬੰਦੀ ਤੋਂ ਮੁਕਤ ਕਵਿਤਾ ਲਿਖੀ। ਇਸ ਨੂੰ ਖੁੱਲ੍ਹੀ ਕਵਿਤਾ ਵੀ ਕਿਹਾ ਜਾਂਦਾ ਹੈ ਤੇ ਭਾਈ ਵੀਰ ਸਿੰਘ ਨੇ ਉਹਨਾਂ ਦੀਆਂ ਕਈ ਕਵਿਤਾਵਾਂ ਦਾ ਅੰਗਰੇਜ਼ੀ 'ਚ ਅਨੁਵਾਦ ਵੀ ਕੀਤਾ। ਇਹਨਾਂ ਤੋਂ ਇਲਾਵਾ 20ਵੀਂ ਸਦੀ ਦੇ ਆਰੰਭਕ ਦੌਰ ਦੇ ਹੋਰ ਵੀ ਬਹੁਤ ਮਸ਼ਹੂਰ ਲਿਖਾਰੀ ਸਨ, ਜਿਹਨਾਂ ਨੇ ਆਪਣੀਆਂ ਰਚਨਾਵਾਂ ਨਾਲ ਪੰਜਾਬੀ ਸਾਹਿਤ ਦੇ ਖ਼ਜ਼ਾਨੇ ਨੂੰ ਹੋਰ ਭਰਪੂਰ ਤੇ ਅਮੀਰ ਕੀਤਾ। ਉਹਨਾਂ ਦੇ ਨਾਮ ਇਸ ਤਰ੍ਹਾਂ ਹਨ:- ਮੁਹੰਮਦ ਬਖ਼ਸ਼, ਫਜ਼ਲ ਸ਼ਾਹ, ਗੁਲਾਮ ਰਸੂਲ, ਕਿਸ਼ਨ ਸਿੰਘ ਆਰਿਫ, ਮਾਨ ਸਿੰਘ ਕਾਲੀਦਾਸ ਤੇ ਮੁਹੰਮਦ ਬੂਟਾ। ਕਿਰਪਾ ਸਾਗਰ (1875-1939) ਤੇ ਧਨੀ ਰਾਮ ਚਾਤ੍ਰਿਕ (1876-1954) ਇਹ ਪ੍ਰੋ. ਪੂਰਨ ਸਿੰਘ ਦੇ ਸਮਕਾਲੀ ਸਨ। ਕਿਰਪਾ ਸਾਗਰ ਨੇ 1920 'ਚ 'ਲਕਸ਼ਮੀ ਦੇਵੀ (ਨਾਂ ਦਾ ਮਹਾਂ-ਕਾਵਿ ਲਿਖਿਆ। ਧਨੀ ਰਾਮ ਚਾਤ੍ਰਿਕ ਨੂੰ ਪੰਜਾਬੀ ਸਾਹਿਤ ਦਾ ਪਹਿਲਾ, ਕਵਿਤਾ ਦਾ ਰੋਮਾਂਟਿਕ ਕਵੀ ਕਿਹਾ ਜਾਂਦਾ ਹੈ। ਉਨ੍ਹਾਂ ਦੇ ਫੁੱਲਾਂ ਦੀ ਟੋਕਰੀ, ਭਰਥਰੀ ਹਰੀ ਬਿਕਰਮਾਜੀਤ, ਨਲ ਦੰਮਿਅੰਤੀ, ਧਰਮਵੀਰ, ਚੰਦਨਵਾੜੀ, ਕੇਸਰ ਕਿਆਰੀ, ਨਵਾਂ ਜਹਾਨ, ਨੂਰ ਜਹਾਂ ਬਾਦਸ਼ਾਹ ਬੇਗਮ ਤੇ ਸੂਫ਼ੀਖਾਨਾ ਪ੍ਰਸਿੱਧ ਕਾਵਿ ਸੰਗ੍ਰਹਿ ਹਨ।

1947 'ਚ ਭਾਰਤ ਦੀ ਆਜ਼ਾਦੀ ਤੋਂ ਬਾਅਦ ਦੇ ਦੌਰ ਨੂੰ ਪ੍ਰੋ. ਮੋਹਨ ਸਿੰਘ- ਅੰਮ੍ਰਿਤਾ ਪ੍ਰੀਤਮ ਦਾ ਪੰਜਾਬੀ ਕਵਿਤਾ ਦਾ ਯੁੱਗ ਕਿਹਾ ਜਾਂਦਾ ਹੈ। ਅੰਮ੍ਰਿਤਾ ਪ੍ਰੀਤਮ ਨੇ ਦੇਸ਼ ਦੀ ਵੰਡ 'ਚ ਲੋਕਾਂ, ਖਾਸ ਕਰਕੇ ਔਰਤ ਨੇ ਹੰਢਾਏ ਦੁਖਾਂਤ ਦਾ ਬੜੀ ਬੇਬਾਕੀ ਨਾਲ ਆਪਣੀਆਂ ਕਵਿਤਾਵਾਂ 'ਚ ਜ਼ਿਕਰ ਕੀਤਾ ਤੇ ਔਰਤ ਦੇ ਮਨੋਵਿਗਿਆਨਕ ਦੁੱਖ ਦਾ ਖੁੱਲ੍ਹ ਕੇ ਜ਼ਿਕਰ ਕੀਤਾ ਹੈ। ਉਹ ਔਰਤ ਦੇ ਦੁਖੜੇ ਤੇ ਹੰਢਾਏ ਦਰਦ ਨੂੰ ਸੁਣਨ ਲਈ ਵਾਰਿਸ ਸ਼ਾਹ ਨੂੰ ਆਵਾਜ਼ਾਂ ਮਾਰਦੀ ਹੋਈ ਕਹਿੰਦੀ ਹੈ- "ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ-ਲਿਖ ਮਾਰੇ ਵੈਣ। ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ। ਵੇ! ਉੱਠ ਦਰਦਮੰਦਾਂ ਦਿਆਂ ਦਰਦੀਆ, ਉੱਠ ਤੱਕ ਆਪਣਾ ਪੰਜਾਬ।" ਉਹ ਆਪਣੀਆਂ ਕਿਰਤਾਂ ਵਿਚ ਔਰਤ ਦੇ ਨਾਲ ਹਮਦਰਦੀ ਵਜੋਂ ਖੜ੍ਹਦੀ ਹੈ ਤੇ ਉਹਨਾਂ ਦੀਆਂ ਸਮੱਸਿਆਵਾਂ ਦਾ ਹੱਲ ਵੀ ਸੁਝਾਉਂਦੀ ਹੈ। ਪ੍ਰੋ. ਮੋਹਨ ਸਿੰਘ (1905 ਤੋਂ 1978) ਸ਼ੁਰੂ-ਸ਼ੁਰੂ 'ਚ ਰੋਮਾਂਟਿਕ ਸ਼ਾਇਰ ਵਜੋਂ ਉਭਰਦਾ ਹੈ ਤੇ ਛੇਤੀ ਹੀ ਉਹ ਆਪਣੀਆਂ ਸਮਾਜਵਾਦੀ-ਯਥਾਰਥਵਾਦੀ ਕਵਿਤਾਵਾਂ ਦੇ ਸੰਗ੍ਰਹਿਆਂ 'ਸਾਂਵੇ-ਪੱਤਰ (1936) ਤੇ 'ਕਸੁੰਭੜਾ' (1937) ਨਾਲ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਸਿਰਮੌਰ ਕਵੀ ਬਣ ਜਾਂਦਾ ਹੈ। ਪ੍ਰੋ. ਮੋਹਨ ਸਿੰਘ ਨੂੰ 20ਵੀਂ ਸਦੀ ਦਾ ਸਭ ਤੋਂ ਵੱਡਾ ਕਵੀ ਕਿਹਾ ਜਾਂਦਾ ਹੈ, ਜਿਸ ਨੇ ਸਮਾਜਵਾਦੀ ਨਜ਼ਰੀਏ ਤੋਂ ਆਪਣੀਆਂ ਕਵਿਤਾਵਾਂ ਦੀ ਰਚਨਾ ਕੀਤੀ। ਉਹਨਾਂ ਦੇ ਹੋਰ ਸਮਕਾਲੀ ਲਿਖਾਰੀ ਜਿਹਨਾਂ ਨੇ ਕਵਿਤਾ ਤੋਂ ਬਿਨਾਂ ਪੰਜਾਬੀ ਸਾਹਿਤ ਦੇ ਦੂਸਰੇ ਰੂਪਾਂ 'ਤੇ ਕਲਮ ਚਲਾਈ ਤੇ ਬੜਾ ਨਾਮਣਾ ਖੱਟਿਆ। ਉਹਨਾਂ ਦੇ ਨਾਮ ਇਸ ਤਰ੍ਹਾਂ ਹਨ- ਪ੍ਰੀਤਮ ਸਿੰਘ ਸਫ਼ੀਰ, ਬਾਵਾ ਬਲਵੰਤ, ਸੰਤੋਖ ਸਿੰਘ ਧੀਰ, ਪ੍ਰਿੰਸੀਪਲ ਤਖਤ ਸਿੰਘ, ਡਾ. ਹਰਭਜਨ ਸਿੰਘ ਤੇ ਪ੍ਰਭਜੋਤ, ਅੰਮ੍ਰਿਤਾ ਪ੍ਰੀਤਮ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਨਰਿੰਦਰਪਾਲ ਸਿੰਘ, ਕਰਤਾਰ ਸਿੰਘ ਦੁੱਗਲ, ਸੁਰਿੰਦਰ ਸਿੰਘ ਨਰੂਲਾ, ਬਲਵੰਤ ਗਾਰਗੀ, ਜਗਜੀਤ ਸਿੰਘ ਆਨੰਦ, ਈਸ਼ਵਰ ਚਿੱਤਰਕਾਰ, ਸੂਬਾ ਸਿੰਘ ਆਦਿ ਆਧੁਨਿਕ ਪੰਜਾਬੀ ਗਲਪ (ਨਾਵਲ) ਸਾਹਿਤ ਦੇ ਬੜੇ ਮਸ਼ਹੂਰ ਲਿਖਾਰੀ ਸਨ।

ਨਾਨਕ ਸਿੰਘ ਨੇ ਤਕਰੀਬਨ ਤਿੰਨ ਦਰਜਨ ਦੇ ਕਰੀਬ ਨਾਵਲ ਲਿਖੇ ਤੇ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਉਹਨਾਂ ਨੂੰ 'ਪਿਤਾਮਾ' ਨਾਵਲਕਾਰ ਕਿਹਾ ਜਾਂਦਾ ਹੈ। ਉਹਨਾਂ ਦੇ ਨਾਵਲਾਂ ਦੇ ਨਾਲ-ਨਾਲ ਕਹਾਣੀਆਂ ਵੀ ਲਿਖੀਆਂ ਭਾਵੇਂ ਗੁਰਬਖਸ਼ ਸਿੰਘ ਮੁੱਖ ਰੂਪ 'ਚ ਪੰਜਾਬੀ ਵਾਰਤਕ ਸਾਹਿਤ ਦਾ ਸਿਰਮੌਰ ਵਾਰਤਕਕਾਰ ਹੈ ਪਰ ਉਹਨਾਂ ਨੇ ਨਾਟਕ ਵੀ ਲਿਖੇ। ਆਈ. ਸੀ. ਨੰਦਾ (ਈਸ਼ਵਰ ਚੰਦਰ ਨੰਦਾ) ਵੀ ਪੰਜਾਬੀ ਨਾਟਕ ਸਾਹਿਤ ਜਗਤ ਦਾ ਪ੍ਰਥਮ ਨਾਟਕਕਾਰ ਸੀ ਤੇ ਉਹਨਾਂ ਨੇ ਆਧੁਨਿਕ ਪੰਜਾਬੀ ਨਾਟਕ ਦੇ ਆਰੰਭਕ ਦੌਰ 'ਚ ਬੜਾ ਨਾਮਣਾ ਖੱਟਿਆ।

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਮੁੱਖ ਤੌਰ 'ਤੇ ਨਾਟਕਕਾਰ ਤੇ ਕਹਾਣੀਕਾਰ ਸਨ ਪਰ ਉਹਨਾਂ ਨੇ ਆਲੋਚਨਾ ਦੇ ਖੇਤਰ 'ਚ ਤੇ ਪੰਜਾਬੀ ਦੇ ਹਰ ਸਾਹਿਤਕ ਖੇਤਰ 'ਚ ਬੜੀ ਸਫਲਤਾ ਨਾਲ ਕਲਮ ਚਲਾਈ। ਅੱਜ ਹਰ ਨਵਾਂ ਸਾਹਿਤਕਾਰ ਉਹਨਾਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਣ ਦਾ ਯਤਨ ਕਰਦਾ ਹੈ ਤੇ ਉਹ ਉਹਨਾਂ ਲਈ ਪ੍ਰੇਰਨਾ ਸਰੋਤ ਬਣੇ ਹੋਏ ਹਨ। ਪ੍ਰੀਤਲੜੀ, ਪੰਜ ਦਰਿਆ, ਪੰਜਾਬੀ ਦੁਨੀਆਂ, ਆਰਸੀ, ਆਲੋਚਨਾ, ਸੇਧ ਤੇ ਸਾਹਿਤ ਸਮਾਚਾਰ ਉਸ ਸਮੇਂ ਦੇ ਮਸ਼ਹੂਰ ਰਸਾਲੇ ਸਨ ਜਿਹਨਾਂ ਨੇ ਪੰਜਾਬੀ ਸਾਹਿਤ ਦੀ ਤਰੱਕੀ ਤੇ ਵਿਕਾਸ 'ਚ ਆਪਣੀ ਅਹਿਮ ਭੂਮਿਕਾ ਨਿਭਾਈ।

# ਨਿਵੇਕਲੀ ਪੈੜ੍ਹਾਂ ਦੇ ਸਿਰਜਕ ਗ਼ਦਰੀ ਬਾਬਿਆਂ ਦੀਆਂ ਸ਼ਹਾਦਤ ਸ਼ਤਾਬਦੀਆਂ ਦੀ ਦਾਸਤਾਨ

ਗ਼ਦਰ ਪਾਰਟੀ ਦਾ ਅਹਿਮ ਕਾਰਜਕਾਲ 1913 ਤੋਂ ਲੈ ਕੇ 1919 ਤੱਕ ਦਾ ਮੰਨਿਆ ਜਾਂਦਾ ਹੈ। ਅੰਗਰੇਜ਼ੀ ਬਸਤੀਵਾਦੀ ਗ਼ੁਲਾਮੀ ਤੋਂ ਦੇਸ਼ ਨੂੰ ਆਜ਼ਾਦ ਕਰਾਉਣ ਦਾ ਇਕ ਏਜੰਡਾ ਬਣਾ ਕੇ ਲਿਆਉਣ ਦੀ ਪਹਿਲਕਦਮੀ ਕਰਨ ਵਾਲ਼ੀ 21 ਅਪਰੈਲ 1913 ਨੂੰ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਹੇਠ ਅਮਰੀਕਾ ਵਿਚ ਗਠਿਤ ਹੋਈ ਗ਼ਦਰ ਪਾਰਟੀ ਸੀ, ਜਿਸਨੇ ਦੇਸ਼ ਦੀ ਸੰਪੂਰਨ ਆਜ਼ਾਦੀ ਦਾ ਨਾਅਰਾ ਬੁਲੰਦ ਕੀਤਾ ਸੀ। ਗ਼ਦਰ ਪਾਰਟੀ ਤੋਂ ਪਹਿਲਾ ਸੰਨ 1757 ਵਿਚ ਪਲਾਸੀ ਦੀ ਲੜਾਈ ਦੀ ਜਿੱਤ ਤੋਂ ਬਾਅਦ ਈਸਟ ਇੰਡੀਆ ਕੰਪਨੀ ਦੇ ਰੂਪ ਵਿਚ ਭਾਰਤ ਉਤੇ ਅਤੇ 1849 ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖੁੱਸਣ ਉਪਰੰਤ ਪੰਜਾਬ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਅੰਗਰੇਜ਼ੀ ਹਕੂਮਤ ਨੇ ਆਪਣੇ ਸਵੈ ਹਿੱਤਾਂ ਲਈ ਭਾਰਤ ਦੀ ਖੇਤੀਬਾੜੀ, ਘਰੇਲੂ ਦਸਤਕਾਰੀ, ਆਰਥਿਕ ਵਸੀਲਿਆਂ ਅਤੇ ਭਾਈਚਾਰਕ ਸਾਂਝਾ ਨੂੰ ਰਾਜਸੀ ਚਾਲਾਂ ਵਰਤ ਕੇ ਤਬਾਹ ਕਰ ਦਿੱਤਾ ਅਤੇ ਇਥੋਂ ਦੇ ਕੁਦਰਤੀ ਵਸੀਲਿਆਂ ਤੇ ਰਾਜ ਭਾਗ 'ਤੇ ਖ਼ੁਦ ਕਾਬਜ਼ ਹੋ ਗਏ।

ਇਕ ਪਾਸੇ ਤਾਂ ਅੰਗਰੇਜ਼ਾਂ ਦੀਆਂ ਲੋਕ ਮਾਰੂ ਨੀਤੀਆਂ ਕਾਰਨ ਕਿਸਾਨਾਂ ਦੀਆਂ ਜ਼ਮੀਨਾਂ ਵਿਕ ਗਈਆਂ ਜਾਂ ਬਹੁਤੀਆਂ ਗਹਿਣੇ ਪੈ ਗਈਆਂ, ਜਿਸ ਕਾਰਨ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਸਨ। ਦੂਜੇ ਪਾਸੇ ਕੁਦਰਤੀ ਕਰੋਪੀਆਂ, ਅਕਾਲ ਪੈਣ ਅਤੇ ਪਲੇਗ ਦੇ ਫੈਲ ਜਾਣ ਕਾਰਨ ਲੋਕ ਮੌਤ ਦੇ ਮੂੰਹ ਵਿਚ ਜਾ ਰਹੇ ਸਨ। ਤੀਜਾ ਪਿੰਡ ਦੇ ਨੌਜੁਆਨਾਂ ਨੂੰ ਜ਼ਬਰੀ ਫ਼ੌਜ ਵਿਚ ਭਰਤੀ ਕਰਕੇ, ਘੱਟ ਤਨਖ਼ਾਹਾਂ ਦੇਣੀਆਂ ਤੇ ਉਨ੍ਹਾਂ ਪਾਸੋਂ ਆਪਣੇ ਹੀ ਲੋਕਾਂ 'ਤੇ ਹਮਲੇ ਕਰਵਾਏ ਗਏ, ਜੋ ਅੰਗਰੇਜ਼ੀ ਸਾਮਰਾਜ ਦੀ ਕੂਟ ਨੀਤੀ ਦਾ ਅਹਿਮ ਹਿੱਸਾ ਸੀ

ਅੰਗਰੇਜ਼ੀ ਹਕੂਮਤ ਦੇ ਅਜਿਹੇ ਮਾੜੇ ਵਤੀਰੇ ਦੇ ਪ੍ਰਤੀਕਰਮ ਵਜੋਂ 1857 ਦਾ ਗ਼ਦਰ ਹੋਇਆ ਜੋ ਹਿੰਦੀ ਫੌਜੀਆਂ ਵੱਲੋਂ ਅੰਗਰੇਜ਼ਾਂ ਵਿਰੁੱਧ ਆਜ਼ਾਦੀ ਦਾ ਪਹਿਲਾ ਕੌਮੀ ਵਿਦਰੋਹ ਸੀ। ਨਾਮਧਾਰੀ/ਕੂਕਾ ਲਹਿਰ ਵਲੋਂ ਅੰਗਰੇਜ਼ੀ ਵਿਵਸਥਾ ਦਾ ਵਿਰੋਧ ਅਤੇ ਬਾਈਕਾਟ ਕਰਨਾ ਹਕੂਮਤ ਦੇ ਵਿਰੋਧ ਦਾ ਸ਼ਕਤੀਸ਼ਾਲੀ ਪ੍ਰਗਟਾਵਾ ਸੀ। 1907 ਵਿਚ 'ਪਗੜੀ ਸੰਭਾਲ ਜੱਟਾ' (ਕਿਸਾਨ ਅੰਦੋਲਨ) ਆਪਣੇ ਹੱਕਾਂ ਪ੍ਰਤੀ ਜਨਤਕ ਚੇਤਨਾ ਦਾ ਪ੍ਰਗਟਾਵਾ ਸੀ। ਇਸ ਅੰਦੋਲਨ ਦੀ ਅਗਵਾਈ ਕਰਨ ਵਾਲ਼ੇ ਸ਼ਹੀਦ ਭਗਤ ਸਿੰਘ ਦੇ ਚਾਚਾ ਜੀ ਸ. ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਨੂੰ ਜਲਾਵਤਨ ਕਰ ਦਿੱਤਾ ਗਿਆ ਸੀ। ਸੰਨ 1912 ਵਿਚ ਦਿੱਲੀ ਦੇ ਭਰੇ ਬਾਜ਼ਾਰ ਵਿਚ ਇਕ ਜਨਤਕ ਜਲੂਸ ਵਿਚ ਸ਼ਰੇਆਮ ਵਾਇਸਰਾਏ 'ਤੇ ਬੰਬ ਸੁੱਟਣਾ ਅੰਗਰੇਜ਼ੀ ਹਕੂਮਤ ਦੀ ਗ਼ੁਲਾਮੀ ਤੋਂ ਮੁਕਤ ਹੋਣ ਲਈ ਭਾਰਤੀਆਂ ਦੇ ਪ੍ਰਚੰਡ ਰੋਹ ਦਾ ਪ੍ਰਗਟਾਵਾ ਸੀ।

18ਵੀਂ ਸਦੀ ਦੇ ਅਖ਼ੀਰ ਵਿਚ ਹੀ ਭਾਰਤੀਆਂ ਨੇ ਰੁਜ਼ਗਾਰ ਲਈ ਬਾਹਰਲੇ ਦੇਸ਼ਾਂ ਵਿਚ ਜਾ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। 19ਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪੰਜਾਬ ਦੀ ਬਹੁਗਿਣਤੀ ਕਿਸਾਨੀ ਨੇ ਉੱਤਰੀ ਅਮਰੀਕਾ ਵੱਲ ਨੂੰ ਪਰਵਾਸ ਧਾਰ ਲਿਆ ਸੀ। ਬਦੇਸ਼ਾਂ 'ਚ ਮਿਹਨਤ ਕਰਕੇ ਆਪਣੇ ਚੰਗੇ ਗੁਜ਼ਾਰੇ ਤੋਰ ਲਏ ਸਨ। ਕੈਨੇਡੀਅਨ ਸਰਕਾਰ ਨੇ ਭਾਰਤੀਆਂ ਦੇ ਕੈਨੇਡਾ ਪ੍ਰਵੇਸ਼ 'ਤੇ ਅਸਿੱਧੇ ਢੰਗ ਨਾਲ ਰੋਕ ਲਾ ਦਿੱਤੀ ਸੀ। ਹੁਣ ਭਾਰਤੀਆਂ ਵਿਚ ਵੀ ਜਾਗ੍ਰਿਤੀ ਆ ਗਈ ਸੀ। ਭਾਰਤੀਆਂ ਨੇ 1908 ਵਿਚ ਵੈਨਕੂਵਰ ਵਿਖੇ 'ਸਿੱਖ ਟੈਂਪਲ' ਸਥਾਪਿਤ ਕੀਤਾ, ਜੋ ਸਮੂਹ ਭਾਰਤੀਆਂ ਦੇ ਏਕੇ ਤੇ ਸਾਂਝ ਦਾ ਕੇਂਦਰ ਸੀ। ਕੈਨੇਡਾ ਦਾਖ਼ਲੇ 'ਤੇ ਪਾਬੰਦੀ ਅਤੇ ਹਾਂਡੂਰਸ ਟਾਪੂ 'ਤੇ ਭੇਜਣ ਦਾ ਭਾਰਤੀਆਂ ਵੱਲੋਂ ਡਟ ਕੇ ਵਿਰੋਧ ਕੀਤਾ ਗਿਆ। ਕੈਨੇਡਾ 'ਚੋਂ ਉੱਠੀ ਚੇਤਨਾ ਦੀ ਚੰਗਿਆੜੀ ਅਮਰੀਕਾ ਪਹੁੰਚ ਗਈ, ਜਿਥੇ ਗ਼ਦਰ ਪਾਰਟੀ ਦਾ ਗਠਨ ਹੋਇਆ। ਅਮਰੀਕਾ ਦੇ ਸ਼ਹਿਰ ਸਟਾਕਟਨ ਵਿਚ ਗ਼ਦਰੀ ਬਾਬਾ ਵਸਾਖਾ ਸਿੰਘ ਦਦੇਹਰ ਅਤੇ ਬਾਬਾ ਜੁਆਲਾ ਸਿੰਘ ਠੱਠੀਆਂ ਦੇ ਉੱਦਮ ਸਦਕਾ 'ਸਿੱਖ ਟੈਂਪਲ' ਬਣਿਆ। ਸਾਨਫ਼ਰਾਂਸਿਸਕੋ ਵਿਖੇ ਗ਼ਦਰ ਪਾਰਟੀ ਦਾ ਮੁੱਢਲਾ ਦਫ਼ਤਰ ਗ਼ਦਰੀ ਬਾਬਿਆਂ ਨੇ 'ਯੁਗਾਂਤਰ ਆਸ਼ਰਮ' ਖੋਲ੍ਹ ਲਿਆ, ਜਿਥੋਂ 1 ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਅਤੇ ਹੋਰ ਗ਼ਦਰੀ ਸਾਹਿਤ ਗ਼ਦਰ ਗੂੰਜਾਂ ਰਾਹੀਂ ਲੋਕਾਂ ਵਿਚ ਚੇਤਨਾ ਦਾ ਛੱਟਾ ਦਿੱਤਾ ਜਾਂਦਾ ਸੀ। ਜੁਲਾਈ 1914 ਵਿਚ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਨਾਲ ਹਕੂਮਤ ਵਲੋਂ ਕੀਤੀ ਬੇਇਨਸਾਫ਼ੀ ਕਾਰਨ ਮੁਸਾਫ਼ਰ ਗ਼ਦਰੀ ਰੰਗ ਵਿਚ ਰੰਗੇ ਗਏ। ਖ਼ਾਲਸਾ ਦੀਵਾਨ ਸੁਸਾਇਟੀ ਕੈਨੇਡਾ ਤੇ ਪਰਵਾਸੀ ਭਾਰਤੀਆਂ ਨੇ ਹਿੰਦੀ ਭਰਾਵਾਂ ਦੀ ਬਾਂਹ ਫੜੀ। ਅੰਗਰੇਜ਼ੀ ਹਕੂਮਤ ਦੇ ਧੱਕੇ ਨਾਲ ਵਾਪਸ ਮੋੜੇ ਮੁਸਾਫ਼ਰਾਂ ਨੇ ਬਜਬਜ ਘਾਟ 'ਤੇ ਹਕੂਮਤ ਨੇ ਜ਼ਬਰ ਢਾਹਿਆ ਤੇ ਖ਼ੂਨੀ ਸਾਕਾ ਵਾਪਰਿਆ।

ਗ਼ਦਰ ਪਾਰਟੀ ਦੇ ਫੈਸਲੇ ਮੁਤਾਬਕ ਅਮਰੀਕਾ, ਕੈਨੇਡਾ ਤੇ ਹੋਰ ਦੇਸ਼ਾਂ 'ਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਦੇਸ਼ ਭਗਤਾਂ ਨੇ ਦਿਲਾਂ ਵਿਚ ਮਘਦੀ ਜੁਆਲਾ ਲੈ ਕੇ ਦੇਸ਼ ਨੂੰ ਆਜ਼ਾਦ ਨੂੰ ਕਰਾਉਣ ਲਈ ਵਹੀਰਾਂ ਘੱਤ ਦਿੱਤੀਆਂ। ਉਹਨਾਂ ਨੇ ਆਪਣੇ ਕਈ ਗੁਪਤ ਟਿਕਾਣਿਆਂ 'ਤੇ ਮੀਟਿੰਗਾਂ ਕਰਕੇ ਗ਼ਦਰ ਕਰਨ ਲਈ ਪੈਸੇ, ਹਥਿਆਰਾਂ ਤੇ ਫੌਜੀਆਂ ਦੀ ਮਦਦ ਲੈਣ ਲਈ ਕ੍ਰਾਂਤੀਕਾਰੀ ਘਟਨਾਵਾਂ ਨੂੰ ਅੰਜਾਮ ਵੀ ਦਿੱਤੇ। ਪਰ ਬਦਕਿਸਮਤੀ ਅੰਗਰੇਜ਼ਾਂ ਦੇ ਪਿੱਠੂਆਂ ਦੀ ਗੱਦਾਰੀ ਕਾਰਨ ਗ਼ਦਰ ਦੀ ਯੋਜਨਾ ਨੂੰ ਢਾਅ ਲੱਗੀ ਤੇ ਗ਼ਦਰ ਅਸਫ਼ਲ ਰਹਿ ਗਿਆ।

ਹਿੰਦੋਸਤਾਨ ਗ਼ਦਰ ਪਾਰਟੀ ਦਾ ਕੌਮੀ ਆਜ਼ਾਦੀ ਦੀ ਪ੍ਰਾਪਤੀ ਲਈ ਬੜਾ ਮਾਣਮੱਤਾ ਯੋਗਦਾਨ ਹੈ। ਅੰਗਰੇਜ਼ੀ ਹਕੂਮਤ ਨੇ ਇਨ੍ਹਾਂ ਦੇਸ਼ ਭਗਤਾਂ ਦੀਆਂ ਦੇਸ਼ ਦੀ ਆਜ਼ਾਦੀ ਲਈ ਕੀਤੀਆਂ ਕ੍ਰਾਂਤੀਕਾਰੀ ਕਾਰਵਾਈਆਂ ਨੂੰ ਬਾਦਸ਼ਾਹ ਖਿਲਾਫ਼ ਸਾਜ਼ਿਸ਼ ਦਾ ਨਾਂ ਦੇ ਕੇ ਲਾਹੌਰ ਸਾਜ਼ਿਸ਼ ਕੇਸ ਤਹਿਤ 21 ਦੇ ਕਰੀਬ ਗ਼ਦਰੀਆਂ 'ਤੇ ਵੱਖ-ਵੱਖ ਮੁਕੱਦਮੇ ਬਣਾ ਕੇ ਅਤੇ ਹੋਰ ਸੈਂਕੜੇ ਦੇਸ਼ ਭਗਤਾਂ ਨੂੰ ਫ਼ਾਂਸੀਆਂ, ਉਮਰ ਕੈਦਾਂ, ਜੂਹਬੰਦ ਅਤੇ ਜਾਇਦਾਦਾਂ ਜ਼ਬਤ ਦੀਆਂ ਸਖ਼ਤ ਸਜ਼ਾਵਾਂ ਦਿੱਤੀਆਂ ਸਨ। ਇਸ ਤੋਂ ਇਲਾਵਾ ਸਿੰਘਾਪੁਰ, ਮੇਰਠ, ਮੀਆਂਮੀਰ ਫੌਜੀ ਛਾਉਣੀਆਂ ਦੇ ਫੌਜੀਆਂ ਨੂੰ ਬੇਹਥਿਆਰ ਕਰਕੇ ਉਨ੍ਹਾਂ ਦਾ ਕੋਰਟ ਮਾਰਸ਼ਲ ਕਰਕੇ ਫਾਂਸੀ ਲਾ ਦਿੱਤਾ ਗਿਆ ਅਤੇ ਬਹੁਤਿਆਂ ਨੂੰ ਕਤਾਰਾਂ ਵਿੱਚ ਖੜ੍ਹੇ ਕਰਕੇ ਗੋਲ਼ੀਆਂ ਨਾਲ ਉਡਾ ਦਿੱਤਾ ਗਿਆ।



ਅਜਿਹੇ ਘਿਨਾਉਣੇ ਵਤੀਰੇ ਦੇ ਬਾਵਜੂਦ ਵੀ ਗ਼ਦਰੀਆਂ ਨੇ ਸਿਦਕ ਨਹੀਂ ਹਾਰਿਆ। ਜਿਹੜੇ ਜਿਊਂਦੇ ਰਹਿ ਗਏ ਉਨ੍ਹਾਂ ਨੇ ਸੰਘਰਸ਼ ਜਾਰੀ ਰੱਖਿਆ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਦਾ ਕਾਰਜ ਖੇਤਰ ਉੱਤਰੀ ਅਮਰੀਕਾ ਤੋਂ ਲੈ ਕੇ ਪੰਜਾਬ ਤੱਕ ਦਾ ਬਣ ਗਿਆ ਸੀ। ਗ਼ਦਰੀਆਂ ਨੇ ਅਮਰੀਕਾ ਵਿੱਚ ਅੰਗਰੇਜ਼ੀ ਹਕੂਮਤ ਦੇ ਸਮਾਂਤਰ 1916 ਵਿੱਚ ਇਕ ਆਰਜ਼ੀ ਹਕੂਮਤ ਸਥਾਪਿਤ ਕਰ ਦਿੱਤੀ ਸੀ। ਰਾਜਾ ਮਹਿੰਦਰ ਪ੍ਰਤਾਪ ਪਰੈਜੀਡੈਂਟ (ਰਾਸ਼ਟਰਪਤੀ) ਅਤੇ ਮੌਲਵੀ ਬਰਕਤ ਉੱਲਾ ਨੂੰ ਪਹਿਲਾ ਪ੍ਰਧਾਨ ਮੰਤਰੀ ਥਾਪਿਆ ਗਿਆ। ਦੂਜੇ ਪਾਸੇ ਪੰਜਾਬ ਵਿੱਚ ਬਾਬਾ ਵਸਾਖਾ ਸਿੰਘ ਦਦੇਹਰ ਨੇ ਦੇਸ਼ ਭਗਤਾਂ ਦੇ ਭੁੱਖੇ ਮਰਦੇ ਤੇ ਰੁਲਦੇ ਪਰਿਵਾਰਾਂ ਦੀ ਮਦਦ ਲਈ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਬਣਾ ਕੇ ਪਰਿਵਾਰਾਂ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ।

ਗ਼ਦਰੀ ਬਾਬਿਆਂ ਨੇ 1931 ਵਿੱਚ 'ਕੈਦੀ ਛੁਡਾਊ ਕਮੇਟੀ' ਬਣਾ ਕੇ ਅੰਗਰੇਜ਼ੀ ਸਾਮਰਾਜ ਦੇ ਖਿਲਾਫ਼ ਉਹਨਾਂ ਦੀ ਰਿਹਾਈ ਲਈ ਸਖ਼ਤ ਜਦੋ ਜਹਿਦ ਕੀਤੀ। 1934 ਵਿੱਚ ਅੰਡੇਮਾਨ ਜੇਲ੍ਹ ਵਿਚ ਜਦੋਂ ਰਾਜਸੀ ਕੈਦੀਆਂ ਨੇ ਭੁੱਖ ਹੜਤਾਲ ਕੀਤੀ ਤਾਂ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਵਿੱਚ ਜਲ੍ਹਿਆਂ ਵਾਲੇ ਬਾਗ਼ ਵਿਚ ਭੁੱਖ ਹੜਤਾਲ ਕਰਕੇ ਰਾਜਸੀ ਕੈਦੀਆਂ ਦੀ ਹਮਾਇਤ ਕੀਤੀ। 1939 ਵਿੱਚ ਖਿਜ਼ਰ ਵਜ਼ਾਰਤ ਵੇਲੇ ਕਿਸਾਨਾਂ ਨੇ ਆਪਣੀਆਂ ਮੰਗਾਂ ਲਈ ਹੜਤਾਲ ਕੀਤੀ ਤਾਂ ਐਜੀਟੇਸ਼ਨ ਨੂੰ ਦਬਾਉਣ ਲਈ ਹਕੂਮਤ ਨੇ ਬਾਬਾ ਸੋਹਣ ਸਿੰਘ ਭਕਨਾ, ਬਾਬਾ ਕੇਸਰ ਸਿੰਘ, ਬਾਬਾ ਸ਼ੇਰ ਸਿੰਘ ਵੇਈਂਪੂੰਈ ਤੇ ਬਾਬਾ ਈਸ਼ਰ ਸਿੰਘ ਮਰਹਾਣਾ ਨੂੰ ਜੇਲ੍ਹ ਵਿਚ ਡੱਕ ਦਿੱਤਾ। ਇਸੇ ਤਰ੍ਹਾਂ ਚਿੜਕ ਰਿਆਸਤ ਕਲਸੀਆਂ ਅਤੇ ਹਰਸੇ ਛੀਨੇ (ਅੰਮ੍ਰਿਤਸਰ) ਦੇ ਕਿਸਾਨ ਮੋਰਚੇ ਦੇ ਕੈਦੀਆਂ ਦੇ ਕੇਸਾਂ ਦੀ ਪੈਰਵੀ ਇਸੇ ਕਮੇਟੀ ਨੇ ਕੀਤੀ ਸੀ।

ਇਸ ਸਮੇਂ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਨੇ ਵੀ ਆਜ਼ਾਦੀ ਲਈ ਸ਼ਾਂਤਮਈ ਅੰਦੋਲਨ ਆਰੰਭ ਕਰ ਦਿੱਤਾ। ਮਹਾਤਮਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਦੀ ਅੰਗਰੇਜ਼ੀ ਹਕੂਮਤ ਨਾਲ ਗੰਢ ਤੁਪ ਸਦਕਾ ਆਜ਼ਾਦੀ ਦਾ ਸਿਹਰਾ ਮਹਾਤਮਾ ਗਾਂਧੀ ਦੇ ਚਰਖੇ ਦੀਆਂ ਗੁੱਡੀਆਂ ਨਾਲ ਬੱਝ ਗਿਆ ਤੇ ਗ਼ਦਰੀਆਂ ਦੀ ਕੁਰਬਾਨੀ ਨੂੰ ਹਾਸ਼ੀਏ ਤੇ ਧਕੇਲ ਦਿੱਤਾ ਗਿਆ। ਅਮਰੀਕਾ ਵਿਚ ਦੇਸ਼ ਦੀ ਆਜ਼ਾਦੀ 1947 ਤੱਕ ਸਾਨਫ਼ਰਾਂਸਿਸਕੋ ਦੇ ਯੁਗਾਂਤਰ ਆਸ਼ਰਮ ਤੋਂ ਗ਼ਦਰ ਪਾਰਟੀ ਨੇ ਆਪਣੀਆਂ ਸਰਗਰਮੀਆਂ ਨੂੰ ਜਾਰੀ ਰੱਖਿਆ।

ਦੇਸ਼ ਤਾਂ ਭਾਵੇਂ ਆਜ਼ਾਦ ਹੋ ਗਿਆ ਪਰ ਅਮਰੀਕਾ ਦੇ ਪੈਟਰਨ 'ਤੇ 'ਯੂਨਾਈਟਿਡ ਸਟੇਟਸ ਆਫ਼ ਇੰਡੀਆ' ਬਣਾਉਣ ਦਾ ਗ਼ਦਰੀਆਂ ਦਾ ਸੁਪਨਾ ਸਾਕਾਰ ਨਾ ਹੋ ਸਕਿਆ। ਗ਼ਦਰੀਆਂ ਨੇ 1949 ਵਿਚ ਯੁਗਾਂਤਰ ਆਸ਼ਰਮ ਭਾਰਤ ਸਰਕਾਰ ਨੂੰ ਇਸ ਸ਼ਰਤ 'ਤੇ ਸੌਂਪ ਦਿੱਤਾ ਕਿ ਉਹ ਗ਼ਦਰੀਆਂ ਦੀ ਵਿਰਾਸਤ ਨੂੰ ਸਾਂਭ ਕੇ ਰਖੇਗੀ। ਇਸ ਦੀ ਸਾਂਭ ਸੰਭਾਲ ਲਈ ਭਾਰਤ ਸਰਕਾਰ ਵਲੋਂ ਮੰਗੇ ਗਏ 10 ਹਜ਼ਾਰ ਡਾਲਰ ਦੀ ਬਜਾਇ ਭਾਰਤੀਆਂ ਨੇ 50 ਹਜ਼ਾਰ ਡਾਲਰ ਦੀ ਰਕਮ ਵੀ ਇਕੱਠੀ ਕਰਕੇ ਦਿੱਤੀ।

ਇਤਿਹਾਸ ਵਿੱਚ ਨਿਵੇਕਲੀਆਂ ਪੈੜਾਂ ਦੇ ਪਾਂਧੀ ਗ਼ਦਰੀ ਬਾਬਿਆਂ ਵਲੋਂ ਗ਼ਦਰ ਪਾਰਟੀ ਦੇ ਅਹੁਦੇਦਾਰਾਂ ਦੀ ਚੋਣ ਅਤੇ ਯੁਗਾਂਤਰ ਆਸ਼ਰਮ ਵਿਚ ਸਾਂਝਾ ਲੰਗਰ ਚਲਾਉਣਾ ਧਰਮ, ਜਾਤ ਪਾਤ ਅਤੇ ਨਸਲੀ ਭਿੰਨ ਭੇਦ ਤੋਂ ਉਪਰ ਉੱਠ ਕੇ ਸਾਂਝੀਵਾਲਤਾ ਤੇ ਬਰਾਬਰੀ ਦਾ ਪ੍ਰਗਟਾਵਾ ਸੀ। ਸਾਹਿਤ ਦੇ ਖੇਤਰ ਵਿਚ ਗ਼ਦਰ ਅਖ਼ਬਾਰ, ਗ਼ਦਰ ਗੂੰਜਾਂ ਅਤੇ ਕਿਰਤੀ ਅਖ਼ਬਾਰ ਵਿਚਲੀ ਕਵਿਤਾ ਤੇ ਵਾਰਤਕ ਰਾਹੀਂ ਭਾਰਤੀਆਂ ਦੀ ਹੋ ਰਹੀ ਆਰਥਕ ਲੁੱਟ ਅਤੇ ਸਮਾਜਕ ਨਾਬਰਾਬਰੀ ਵਿਰੁੱਧ ਆਵਾਜ਼ ਬੁਲੰਦ ਕਰਕੇ ਲੋਕਾਂ ਵਿਚ ਚੇਤਨਾ ਦਾ ਛੱਟਾ ਦਿੱਤਾ ਸੀ। ਗ਼ਦਰ ਪਾਰਟੀ ਦੀ ਇਤਿਹਾਸਕਾਰੀ ਦਾ ਮੁੱਢ ਵੀ 'ਜ਼ਿੰਦਾ ਸ਼ਹੀਦ' ਅਤੇ 'ਮੇਰਾ ਸੰਗਰਾਮੀ ਜੀਵਨ' ਬਾਬਾ ਸੋਹਣ ਸਿੰਘ ਭਕਨਾ ਦੀਆਂ ਲਿਖਤਾਂ ਨਾਲ ਹੀ ਬੱਝਦਾ ਹੈ। ਸੋਵੀਅਤ ਯੂਨੀਅਨ ਮਾਸਕੋ ਤੋਂ ਮਾਰਕਸਵਾਦ ਦੀ ਉਚੇਰੀ ਸਿੱਖਿਆ ਗ੍ਰਹਿਣ ਵਾਲੇ ਭਾਈ ਰਤਨ ਸਿੰਘ ਰਾਏਪੁਰ ਡੱਬਾ, ਭਾਈ ਸੰਤੋਖ ਸਿੰਘ ਅਤੇ ਬਾਬਾ ਭਗਤ ਸਿੰਘ ਬਿਲਗਾ ਸਮੇਤ ਹੋਰ ਕਈ ਗ਼ਦਰੀ ਬਾਬੇ ਸਨ। ਭਾਈ ਰਤਨ ਸਿੰਘ ਰਾਏਪੁਰ ਡੱਬਾ ਨੇ ਭਾਰਤ ਵਿੱਚ ਕਮਿਊਨਿਸਟ ਪਾਰਟੀ ਆਫ਼ ਇੰਡੀਆ ਦਾ ਮੁੱਢ ਬੰਨਿਆ। ਅਮਲੀ ਰੂਪ ਵਿੱਚ ਭਾਰਤ ਦੀ ਕਮਿਊਨਿਸਟ ਲਹਿਰ ਦੇ ਬਾਨੀ ਵੀ ਗ਼ਦਰੀ ਬਾਬੇ ਸਨ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ, ਦੇਸ਼ ਭਗਤ ਯਾਦਗਾਰ ਕਮੇਟੀ ਵਿੱਚ ਤਬਦੀਲ ਹੋ ਗਈ, ਜਿਸ ਦਾ ਮੁੱਖ ਕੇਂਦਰ ਜਲੰਧਰ ਹੈ। ਇਨਕਲਾਬੀ ਇਤਿਹਾਸ ਦੇ ਇਸ ਰੌਸ਼ਨ ਮੀਨਾਰ ਨੂੰ ਦੇਸ਼ ਭਗਤ ਯਾਦਗਾਰ ਹਾਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਪਹਿਲੀ ਮਈ 1964 ਨੂੰ ਬਾਬਾ ਸੋਹਣ ਸਿੰਘ ਭਕਨਾ ਦੀ ਪ੍ਰਧਾਨਗੀ ਹੇਠ ਗ਼ਦਰ ਪਾਰਟੀ ਦੀ ਗੋਲਡਨ ਜੁਬਲੀ ਦਾ ਸਮਾਗਮ ਬਹੁਤ ਸਾਰੇ ਜ਼ਿੰਦਾ ਦੇਸ਼ ਭਗਤਾਂ ਨੇ ਇਕੱਠੇ ਹੋ ਕੇ ਮਨਾਇਆ ਸੀ। ਸਾਲ 1992 ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਨੇ 'ਮੇਲਾ ਗ਼ਦਰੀ ਬਾਬਿਆਂ ਦਾ' ਮਨਾਉਣਾ ਸ਼ੁਰੂ ਕੀਤਾ ਜਿਥੇ ਹਰ ਸਾਲ ਗ਼ਦਰ ਪਾਰਟੀ ਦੇ ਵਾਰਸ ਪਰਿਵਾਰਾਂ ਅਤੇ ਨਗਰਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਪਿਛਲੇ ਕੁਝ ਸਾਲਾਂ ਤੋਂ ਇਤਿਹਾਸ ਦੇ ਸਿਰਜਕ ਗ਼ਦਰੀ ਬਾਬਿਆਂ ਨਾਲ ਸਬੰਧਿਤ ਸ਼ਤਾਬਦੀਆਂ ਮੇਲੇ ਦੇ ਰੂਪ ਵਿਚ ਮਨਾਈਆਂ ਜਾ ਰਹੀਆਂ ਹਨ, ਜਿਸ ਵਿੱਚ ਗ਼ਦਰ ਪਾਰਟੀ ਦੀ ਸਥਾਪਨਾ, ਕਾਮਾਗਾਟਾ ਮਾਰੂ ਘਟਨਾ, ਕਰਤਾਰ ਸਿੰਘ ਸਰਾਭਾ ਤੇ ਸਾਥੀਆਂ ਦੀਆਂ ਸ਼ਹਾਦਤ ਸ਼ਤਾਬਦੀਆਂ ਮਨਾਈਆਂ ਜਾ ਚੁੱਕੀਆਂ ਹਨ।




ਇਸ ਵਰ੍ਹੇ (2016) ਪਹਿਲੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ, ਬਰਮਾ ਸਾਜ਼ਿਸ਼ ਕੇਸ ਅਤੇ ਪੱਧਰੀ ਕੇਸ ਦੇ ਸ਼ਹੀਦਾਂ ਅਤੇ ਕਈ ਹੋਰ ਸ਼ਹੀਦਾਂ ਦੀ ਸ਼ਹਾਦਤ ਸ਼ਤਾਬਦੀ ਮਨਾਈ ਜਾ ਰਹੀ ਹੈ। ਹੁਣ ਇਹ ਮੇਲੇ ਅਤੇ ਸ਼ਤਾਬਦੀਆਂ ਇਸ ਹਾਲ ਦੇ ਵਿਹੜੇ ਤੋਂ ਸ਼ੁਰੂ ਹੋ ਕੇ ਪੰਜਾਬ ਦੇ ਪਿੰਡਾਂ, ਸ਼ਹਿਰਾਂ ਅਤੇ ਬਦੇਸ਼ਾਂ ਵਿਚ ਵੀ ਮਨਾਏ ਜਾਂਦੇ ਹਨ। ਜਿਸ ਨਾਲ ਲੋਕਾਂ ਦੀ ਗ਼ਦਰੀ ਬਾਬਿਆਂ ਨਾਲ ਸਾਂਝ ਬਣੀ ਹੈ। ਪਰ ਇਸਦਾ ਇਕ ਹੋਰ ਪੱਖ ਵੀ ਸਾਹਮਣੇ ਆ ਰਿਹਾ ਹੈ ਕਿ ਕੁਝ ਰਾਜਸੀ ਲੋਕ ਆਪਣੀ ਲੀਡਰੀ ਦੀ ਧਾਂਕ ਜਮਾਉਣ ਲਈ ਗ਼ਦਰੀਆਂ ਦੇ ਨਾਂ 'ਤੇ ਮੇਲੇ ਕਰਵਾਉਂਦੇ ਹਨ। ਉਹ ਆਪਣੀ ਸੰਕੀਰਕ ਸੋਚ ਕਾਰਨ ਉਨ੍ਹਾਂ ਨੂੰ ਇਕ ਵਿਸ਼ੇਸ਼ ਚੋਲ਼ੇ ਵਾਲਾ ਪੇਸ਼ ਕਰਕੇ ਗ਼ਦਰੀਆਂ ਦੇ ਧਰਮ ਨਿਰਪੱਖ ਏਕਤਾ ਦੇ ਸਿਧਾਂਤ ਅਤੇ ਅਸਲ ਨਿਸ਼ਾਨਿਆਂ ਨੂੰ ਸੱਟ ਮਾਰ ਕੇ ਆਪਣੀਆਂ ਸਿਆਸੀ ਰੋਟੀਆਂ ਸੇਕ ਰਹੇ ਹਨ।

ਗ਼ਦਰੀ ਬਾਬਿਆਂ ਦੇ ਮੇਲੇ ਲੱਗਣ ਨਾਲ ਗ਼ਦਰ ਲਹਿਰ ਦੇ ਇਤਿਹਾਸ ਤੇ ਸਾਹਿਤ ਬਾਰੇ ਬੜੀ ਤੇਜ਼ੀ ਨਾਲ ਪੁਸਤਕਾਂ ਛਪੀਆਂ ਹਨ। ਇਹ ਗੱਲ ਤਸੱਲੀ ਵਾਲੀ ਹੈ ਅਤੇ ਲੇਖਕਾਂ ਦਾ ਧੰਨਵਾਦ ਕਰਨਾ ਵੀ ਬਣਦਾ ਹੈ। ਜਿਉਂ ਜਿਉਂ ਮੇਲਾ ਨੇੜੇ ਆਉਂਦਾ ਜਾਂਦਾ ਹੈ, ਹਰ ਸਾਲ ਕਿਤਾਬਾਂ ਛਪਵਾਉਣ ਵਾਲਿਆਂ ਦੀ ਗਿਣਤੀ ਵੀ ਵੱਧਦੀ ਜਾਂਦੀ ਹੈ। ਜਿਹੜੀਆਂ ਸਰਕਾਰਾਂ ਨੇ ਸੌ ਸਾਲ ਤੱਕ ਗ਼ਦਰੀਆਂ ਨੂੰ ਹਾਸ਼ੀਏ 'ਤੇ ਧਕੇਲ ਛੱਡਿਆ ਅਤੇ ਉਹਨਾਂ ਦੇ ਪਰਿਵਾਰਾਂ ਦੀ ਸਾਰ ਤੱਕ ਨਹੀਂ ਲਈ, ਹੁਣ ਉਨ੍ਹਾਂ ਨੂੰ ਗ਼ਦਰੀਆਂ ਨਾਲ ਹੇਜ਼ ਜਾਗ ਪਿਆ ਹੈ। ਉਹ ਕਈ ਸੰਸਥਾਵਾਂ ਅਤੇ ਜਥੇਬੰਦੀਆਂ ਤੋਂ ਆਪਣੀ ਮਨਮਰਜ਼ੀ ਦਾ ਇਤਿਹਾਸ ਲਿਖਵਾ ਕੇ ਗ਼ਦਰੀਆਂ ਨੂੰ ਖਾਸ ਵਿਸ਼ੇਸ਼ਣਾਂ ਨਾਲ ਨਿਵਾਜ਼ ਰਹੀਆਂ ਹਨ। ਇਸ ਬਾਰੇ ਇਤਿਹਾਸਕਾਰਾਂ ਤੇ ਸਾਹਿਤਕਾਰਾਂ ਨੂੰ ਵੀ ਬਹੁਤ ਸੁਚੇਤ ਹੋਣ ਦੀ ਲੋੜ ਹੈ।

ਅੱਜ ਜਦੋਂ ਅਸੀਂ ਦੇਸ਼ ਦੇ ਮੌਜੂਦਾ ਸਿਸਟਮ 'ਤੇ ਝਾਤ ਮਾਰਦੇ ਹਾਂ ਤਾਂ ਸੌ ਸਾਲ ਪਹਿਲਾ ਵਾਂਗ ਫ਼ਿਰਕਪ੍ਰਸਤੀ ਦੇ ਖਤਰਿਆਂ, ਸਾਮਰਾਜੀ ਗ਼ੁਲਾਮੀ ਵਾਲੀਆਂ ਚੁਣੌਤੀਆਂ ਦੀ ਸਮਾਨਤਾ ਹੈ। ਆਜ਼ਾਦ ਭਾਰਤ ਵਿਚ ਰਾਜ ਸੱਤਾ ਦੀ ਲਾਲਸਾ ਲਈ ਭਾਜਪਾ ਵਰਗੀਆਂ ਕਈ ਰਾਜਸੀ ਪਾਰਟੀਆਂ ਧਰਮ ਦੇ ਨਾਂ 'ਤੇ ਵੋਟਾਂ ਬਟੋਰਦੀਆਂ ਹਨ।

ਸੱਤਾ ਵਿਚ ਆ ਕੇ ਇਹੋ ਰਾਜਸੀ ਪਾਰਟੀਆਂ ਘੱਟ ਗਿਣਤੀ ਨੂੰ ਦਬਾ ਕੇ ਤੇ ਫ਼ਿਰਕੂ ਸ਼ਕਤੀਆਂ ਨੂੰ ਸ਼ਹਿ ਦੇ ਕੇ ਤਣਾਅ ਪੈਦਾ ਕਰਦੀਆਂ ਹਨ ਤਾਂ ਕਿ ਲੋਕਾਂ ਦੇ ਜਾਇਜ਼ ਸੰਘਰਸ਼ ਨੂੰ ਕੁਰਾਹੇ ਪਾਇਆ ਜਾ ਸਕੇ। ਹੁਣ ਤੱਕ ਦੇਸ਼ ਵਿੱਚ ਜੋ ਕੁਝ ਵਾਪਰਿਆ ਹੈ ਜਾਂ ਵਾਪਰ ਰਿਹਾ ਹੈ, ਇਸਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਅਜਿਹੇ ਵਰਤਾਰੇ ਨੂੰ ਠੱਲ ਪਾਉਣੀ ਸਾਡੀ ਹਰ ਨਾਗਰਿਕ ਦੀ ਫ਼ਿਕਰਮੰਦੀ ਹੈ।

ਗ਼ਦਰ ਪਾਰਟੀ ਦੇ ਜਿਹਨਾਂ ਸਿਧਾਂਤਾ ਦੀ ਪੂਰਤੀ ਲਈ ਗ਼ਦਰੀਆਂ ਨੇ ਕੁਰਬਾਨੀਆਂ ਦਿੱਤੀਆਂ, ਉਹਨਾਂ ਨੂੰ ਪ੍ਰੇਰਨਾ ਸ੍ਰੋਤ ਤੇ ਰਾਹ ਦਸੇਰਾ ਮੰਨਦੇ ਹੋਏ ਇਸ ਸਮਾਜਕ ਅਵਸਥਾ ਨੂੰ ਬਦਲਣ ਲਈ ਆਪਣਾ ਬਣਦਾ ਯੋਗਦਾਨ ਪਾਉਣ ਲਈ ਯਤਨਸ਼ੀਲ ਹੋਣਾ ਸਮੇਂ ਦੀ ਲੋੜ ਹੈ।

# ਯੂਬਾ ਸਿਟੀ ਦੇ ਵਿਸ਼ਵ ਪ੍ਰਸਿੱਧ ਨਗਰ ਕੀਰਤਨ ਦੌਰਾਨ ਇਕ ਲੱਖ ਦੇ ਕਰੀਬ ਸੰਗਤਾਂ ਦੀ ਆਮਦ

ਕਾਰਜ ਨੇਪਰੇ ਚੜ੍ਹੇ। ਇਸ ਨਗਰ ਕੀਰਤਨ ਦੌਰਾਨ ਸਾਰੇ ਪ੍ਰੋਗਰਾਮ ਦੀਆਂ ਤਿਆਰੀਆਂ ਕਰੀਬ ਇਕ ਮਹੀਨੇ ਤੋਂ ਸੰਗਤਾਂ ਅਤੇ ਨਵੀਂ ਪ੍ਰਬੰਧਕ ਕਮੇਟੀਨੇ ਕੀਤੀਆਂ , ਜੋ ਚੋਣ ਜਿੱਤਣ ਤੋਂ ਬਾਅਦ ਹੀ ਆਰੰਭ ਕਰ ਦਿੱਤੀਆਂ ਸਨ। ਅਖੀਰਲੇ ਦਿਨ ਕੱਢੇ ਗਏ ਵਿਸ਼ਾਲ ਨਗਰ ਕੀਰਤਨ ਵਿਚ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ 'ਚ ਹਜ਼ਾਰਾਂ ਸੰਗਤਾਂ ਨੇ ਸ਼ਬਦ ਗਾਇਨ ਕੀਤਾ। ਇਸ ਦੌਰਾਨ ਵੱਖ-ਵੱਖ ਰਾਗੀ ਜਥਿਆਂ ਨੇ ਮਨੋਹਰ ਬਾਣੀ ਦਾ ਕੀਰਤਨ ਕੀਤਾ। ਇਸ 37ਵੇਂ ਨਗਰ ਕੀਰਤਨ ਦੇ ਬਾਨੀ ਸ. ਦੀਦਾਰ ਸਿੰਘ ਬੈਂਸ ਵੀ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਖੁੱਲ੍ਹੀ ਕਾਰ ਵਿਚ ਸਵਾਰ ਹੋ ਕੇ ਸ਼ਾਮਲ ਹੋਏ ਅਤੇ ਸੰਗਤਾਂ ਨਾਲ ਮਿਲੇ। ਇਸਤੋਂ ਇਲਾਵਾ ਵੱਖ-ਵੱਖ ਹੋਰ ਫਲੋਟਾਂ ਵਿਚ ਸਿੱਖ ਇਤਿਹਾਸ ਨਾਲ ਸਬੰਧਤ ਝਾਕੀਆਂ ਕੱਢੀਆਂ ਗਈਆਂ, ਜਿਹਨਾਂ ਵਿਚ ਮਲਕ ਭਾਗੋ ਵਾਲਾ ਗੁਰੂ ਨਾਨਕ ਸਾਹਿਬ ਵਾਲਾ ਬਿਰਤਾਂਤ, ਅਮਰੀਕਨ ਰੈਡ ਕਰਾਸ ਦਾ ਫਲੋਟ, ਅਸੈਂਬਲੀ ਹਾਲ ਲੰਡਨ ਦਾ ਫਲੋਟ, ਗੋਲਡਨ ਟੈਂਪਲ ਦਾ ਫਲੋਟ, ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰਨ ਦੇ ਫਲੋਟ ਤੋਂ ਇਲਾਵਾ ਵੱਖ-ਵੱਖ ਸ਼ਹਿਰਾਂ ਦੇ ਗੁਰਦੁਆਰਾ ਸਾਹਿਬਾਨਾਂ ਦੇ ਫਲੋਟਾਂ ਨੇ ਨਗਰ ਕੀਰਤਨ ਦੀ ਸ਼ੋਭਾ ਵਧਾਈ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸਟਾਲ ਤੇ ਕਾਫੀ ਗਹਿਮਾ-ਗਹਿਮੀ ਦੇਖੀ ਗਈ। ਵੱਖ-ਵੱਖ ਖਾਣਿਆਂ ਦੇ ਸਟਾਲ ਤੇ ਸਿੱਖ ਪ੍ਰਚਾਰਕਾਂ ਦੇ ਸਟਾਲ ਅਰਥਾਤ ਧਾਰਮਿਕ ਸਾਹਿਤ ਦੇ ਬਹੁਤੇ ਸਟਾਲ ਐਤਕਾਂ ਦੇਖਣ ਨੂੰ ਮਿਲੇ। ਐਤਕਾਂ ਗੁਰੂ ਘਰ ਦੇ ਪ੍ਰਬੰਧਕ ਸਰਬਜੀਤ ਥਿਆੜਾ ਤੇ ਜੂਨੀਅਰ ਥਿਆੜਾ ਵੱਲੋਂ ਹੈਲੀਕਾਪਟਰ ਨਾਲ ਫੁੱਲਾਂ ਦੀ ਵਰਖਾ ਕੀਤੀ ਗਈ। ਐਤਕਾਂ ਵੱਡੀ ਪੱਧਰ 'ਤੇ ਸੈਂਕੜੇ ਦੀ ਤਾਦਾਦ 'ਚ ਲੱਗੇ ਕੱਪੜੇ ਜਿਊਲਰੀ ਤੇ ਹੋਰ ਸਾਜੋ-ਸਮਾਨ ਦੇ ਸਟਾਲਾਂ ਤੋਂ ਲੋਕਾਂ ਨੇ ਹਜ਼ਾਰਾਂ ਡਾਲਰਾਂ ਦੀ ਖਰੀਦੋ-ਫਰੋਖਤ ਕੀਤੀ। ਨਗਰ ਕੀਰਤਨ ਤੋਂ ਪਹਿਲਾਂ ਕਈ ਦਿਨਾਂ ਤੋਂ ਸ੍ਰੀ ਅਖੰਡ ਪਾਠਾਂ ਦੀ ਲੜੀ ਸ਼ੁਰੂ ਸੀ, ਇਸ ਦੌਰਾਨ ਵਿਸ਼ੇਸ਼ ਕਵੀ ਦਰਬਾਰ, ਬੱਚਿਆਂ ਦਾ ਕੀਰਤਨ ਦਰਬਾਰ, ਢਾਡੀ ਦਰਬਾਰ, ਅੰਮ੍ਰਿਤ ਸੰਚਾਰ, ਨਿਸ਼ਾਨ ਸਾਹਿਬ ਦੇ ਚੋਲੇ ਬਦਲਣਾ ਤੇ ਸੈਮੀਨਾਰ ਇਸ ਨਗਰ ਕੀਰਤਨ ਦਾ ਅਭਿੰਨ ਹਿੱਸਾ ਰਹੇ। ਕਈ ਦਿਨਾਂ ਤੋਂ ਕੀਰਤਨ ਦਰਬਾਰ ਸੱਜ ਰਹੇ ਸਨ, ਜਿਹਨਾਂ 'ਚ ਭਾਈ ਗਗਨਦੀਪ ਸਿੰਘ ਜੀ ਗੰਗਾਨਗਰ ਵਾਲੇ, ਭਾਈ ਉਂਕਾਰ ਸਿੰਘ ਜੀ ਊਨਾ ਵਾਲੇ, ਭਾਈ ਗੁਰਨਿਮਿਤ ਸਿੰਘ ਜੀ ਰਾਜ ਰੰਗੀਲਾ, ਭਾਈ ਹਰਨਾਮ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਭਾਈ ਗੁਰਪ੍ਰੀਤ ਸਿੰਘ ਜੀ ਬਲੱੜਵਾਲ ਜਲੰਧਰ, ਢਾਡੀ ਚੰਚਲ ਕੌਰ ਜੱਥਾ, ਕਵੀਸ਼ਰ ਗੁਰਦੇਵ ਸਿੰਘ ਸ਼ਾਹੋਕੇ ਚੜਿਕ, ਢਾਡੀ ਨਾਭੇ ਵਾਲੀਆਂ ਬੀਬੀਆਂ ਦਾ ਜੱਥਾ, ਢਾਡੀ ਪਾਰਸ ਦਾ ਜੱਥਾ, ਰਾਗੀ ਕੁਲਵਿੰਦਰ ਸਿੰਘ, ਰਾਗੀ ਅਰਵਿੰਦਰ ਸਿੰਘ, ਦਲਵੀਰ ਸਿੰਘ, ਸੁੰਦਰ ਸਿੰਘ, ਕਥਾਕਾਰ ਪਰਮਜੀਤ ਸਿੰਘ, ਭਾਈ ਹਰਨਾਮ ਸਿੰਘ, ਭਾਈ ਦਲੀਪ ਸਿੰਘ ਤੇ ਕਥਾਕਾਰ ਭਾਈ ਤਾਰਾ ਸਿੰਘ ਤੋਂ ਇਲਾਵਾ ਸਿੱਖ ਪੰਥ ਦੇ ਉਚ ਕੋਟੀ ਦੇ ਰਾਗੀ ਜਥੇ, ਕਥਾਵਾਚਕ ਅਤੇ ਪ੍ਰਚਾਰਕਾਂ ਨੇ ਹਾਜ਼ਰੀ ਭਰੀ। ਨਗਰ ਕੀਰਤਨ ਤੋਂ ਇਕ ਦਿਨ ਪਹਿਲਾਂ ਗੁਰੂ ਘਰ ਦੀ ਨਵੀਂ ਕਮੇਟੀ ਦੇ ਪ੍ਰਬੰਧਕ ਸਰਬਜੀਤ ਸਿੰਘ ਥਿਆੜਾ ਅਤੇ ਪਰਿਵਾਰ ਵੱਲੋਂ ਪਹਿਲਾਂ ਵਾਂਗ ਵੱਡੀ ਪੱਧਰ ਤੇ ਆਤਿਸ਼ਬਾਜੀ ਤੇ ਪਟਾਕਿਆਂ ਦੀ ਸੇਵਾ ਗੁਰਦੁਆਰਾ ਸਾਹਿਬ ਦੇ ਬਾਹਰ ਲੁੱਕ ਪਾਉਣ ਦੀ ਸੇਵਾ ਜਿਸਦੀ ਕੀਮਤ ਕਈ ਲੱਖਾਂ ਵਿਚ ਹੈ ਅਤੇ ਗੁਰਦੁਆਰਾ ਸਾਹਿਬ ਦੇ ਨਿਸ਼ਾਨ ਸਾਹਿਬ ਦੀ ਸੇਵਾ ਵੀ ਥਿਆੜਾ ਪਰਿਵਾਰ ਵੱਲੋਂ ਕੀਤੀ ਗਈ। ਇਕ ਦਿਨ ਪਹਿਲਾਂ ਸ਼ਾਮ ਦੇ ਦੀਵਾਨ ਵਿਚ ਵੱਖ ਵੱਖ ਸਿੱਖ ਆਗੂਆਂ ਨੇ ਸਿੱਖ ਪੰਥ ਦੀ ਚੜ੍ਹਦੀ ਕਲਾ ਪ੍ਰਤੀ ਭਰਵੀਆਂ ਤਕਰੀਰਾਂ ਕੀਤੀਆਂ। ਇਹਨਾਂ ਆਗੂਆਂ 'ਚ ਡਾ. ਅਮਰਜੀਤ ਸਿੰਘ, ਕੁਲਜੀਤ ਸਿੰਘ ਨਿੱਝਰ, ਅਮਰਦੀਪ ਸਿੰਘ, ਸ਼ਹੀਦ ਬੇਅੰਤ ਸਿੰਘ ਦੇ ਬੇਟੇ ਜਸਵਿੰਦਰ ਸਿੰਘ, ਗੁਰਨਾਮ ਸਿੰਘ, ਦਿਲਬਾਗ ਸਿੰਘ ਬੈਂਸ ਤੇ ਸ਼ਹੀਦ ਭਾਈ ਅਮਰੀਕੀ ਸਿੰਘ ਦੇ ਬੇਟੇ ਨੇ ਤਕਰੀਰਾਂ ਕੀਤੀਆਂ। ਸਟੇਜ ਦੀ ਕਾਰਵਾਈ ਗੁਰਮੇਜ ਸਿੰਘ ਗਿੱਲ ਤੇ ਪ੍ਰਮਿੰਦਰ ਗਰੇਵਾਲ ਨੇ ਚਲਾਈ। ਐਤਕਾਂ ਨਗਰ ਕੀਰਤਨ ਦੇ ਬਾਨੀ ਸ. ਦੀਦਾਰ ਸਿੰਘ ਬੈਂਸ ਅਤੇ ਉਹਨਾਂ ਦੇ ਸਹਿਯੋਗੀ ਸਰਬਜੀਤ ਥਿਆੜਾ, ਜਸਵੰਤ ਸਿੰਘ ਬੈਂਸ, ਪਰਮਿੰਦਰ ਗਰੇਵਾਲ ਇਸ ਨਗਰ ਕੀਰਤਨ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਪੁਰਜ਼ੋਰ ਮਿਹਨਤ ਕਰਦੇ ਰਹੇ। ਪਾਰਕ ਕੀਤੀਆਂ ਗੱਡੀਆਂ ਤੋਂ ਸੰਗਤ ਨੂੰ ਨਗਰ ਕੀਰਤਨ ਤੱਕ ਲਿਜਾਣ ਲਈ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਸੀ। ਐਤਕਾਂ ਮੌਸਮ ਠੀਕ ਹੋਣ ਕਰਕੇ ਨਗਰ ਕੀਰਤਨ ਵਿਚ ਰਿਕਾਰਡ ਤੋੜ ਸੰਗਤਾਂ ਪਹੁੰਚੀਆਂ। ਲੰਗਰ ਸੇਵਾਦਾਰਾਂ ਵੱਲੋਂ ਸੈਂਕੜੇ ਕੁਇੰਟਲ ਤਰ੍ਹਾਂ-ਤਰ੍ਹਾਂ ਦੇ ਭੋਜਨ ਬਣੇ ਹੋਏ ਸਨ, ਜਿਸ ਦਾ ਸੁਆਦ ਅਮਰੀਕਨ ਜਿਹਨਾਂ ਵਿਚ ਗੋਰੇ, ਏਸ਼ੀਅਨ, ਫਿਜ਼ੀਅਨ ਤੇ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਆਪਣੀ ਸ਼ਮੂਲੀਅਤ ਦੌਰਾਨ ਲਿਆ, ਜਿਸ ਵਿਚ ਕੁਇੰਟਲਾਂ ਦੇ ਹਿਸਾਬ ਨਾਲ ਬਦਾਮ, ਕਾਜੂ, ਸਬਜ਼ੀ, ਫਲਾਂ ਦਾ ਇਸਤੇਮਾਲ ਕੀਤਾ ਗਿਆ। ਯੂਬਾ ਸਿਟੀ ਦੇ ਸਿੱਖ ਟੈਂਪਲ ਦੁਆਲੇ ਪਈ ਸੈਂਕੜੇ ਏਕੜ ਜ਼ਮੀਨ ਵੀ ਕਾਰਾਂ ਖੜ੍ਹੀਆਂ ਕਰਨ ਲਈ ਘੱਟ ਪੈ ਰਹੀ ਸੀ। ਯੂਬਾ ਸਿਟੀ ਦੇ ਸਾਰੇ ਰਸਤੇ ਸੰਗਤਾਂ ਨਾਲ ਭਰੇ ਪਏ ਸਨ। ਐਤਕੀ ਦੇਸੀ ਮੀਡੀਆ ਤੋਂ ਇਲਾਵਾ ਅਮਰੀਕਨ ਮੀਡੀਆ ਦੇ ਵੀ ਕਾਫੀ ਨੁਮਾਇੰਦੇ ਦਿਖਾਈ ਦਿੱਤੇ।

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

## Kash FABRICS



### ਸਾੜੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome

Tuesday - Sunday: 11 AM - 8 PM



ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon

Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



## KASH FABRICS

ONE STOP SHOPPING CENTRE

29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com

Like us on Facebook | Follow us on Instagram



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

## Super Eyebrow Threading Now Open

Eyebrow Threading & Henna Tattoo

7 times, Get 8th one free!



## Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell :
916- 396-8939
916-338-5511

Email: IndiaMarketRoseville@gmail.com



# INDIA BAZAAR



Jai Ram Gaught

Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL TO HAPPY
Cell: (415) 706-7027
Ph: (209) 478-0285
Fax: (209) 477-3206

WE ACCEPT FOOD STAMPS

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com



# Raja

SWEETS & CATERING

AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com

Find us on facebook: rajasweetsandcatering
Follow us on Twitter: rajasweets

# ਬੇਵਤਨਾ (ਰੋਹਿਤ ਵੇਮੁੱਲਾ ਦੇ ਨਾਂ)

ਮਦਨ ਵੀਰਾ
91-94176-83769



ਰੋਹਿਤ ਤੇਰੇ ਸੁਖਮ ਭਾਵਾਂ ਨੂੰ
ਤਰਾਸ਼ ਰਹੇ ਸੀ
ਵੇਦਨਾ ਦੇ ਉਹ ਛਲਕਦੇ ਹੋਏ ਪਲ
ਜੋ ਏਕਲੱਵਿਆ ਦੇ ਗਰੂ ਦੱਖਣਾ ਸਮੇਂ
ਲਹੂ ਦਾ ਕਤਰਾ ਕਤਰਾ ਹੋ ਕੇ
ਮਿੱਟੀ 'ਚ ਰਚੇ ਸੀ - ਵਸੇ ਸੀ
ਹਰਿਆਵਲ ਦਾ ਟੋਟਾ ਟੋਟਾ ਹੋ ਕੇ
ਖਿੰਡ ਗਏ ਸੀ - ਫੈਲ ਗਏ ਸੀ
ਹਸਥਨਾਪੁਰ ਦੇ ਸਮੇਂ ਤੋਂ
'ਤੇ ਹਵਾਵਾ ਤੇ ਦਿਸ਼ਾਵਾਂ ਨੇ
ਧੀਰ ਧਰਕੇ - ਸਬਰ ਕਰਕੇ
ਜ਼ਜਬ ਲਏ ਸੀ ਜ਼ੀਰ ਲਏ ਸੀ ।

ਤੂੰ ਤਾਂ ਬਿਲਕੁਲ ਜਾਣਦਾ ਸੀ
ਕਿ ਭੀਲ ਪੁੱਤਰ ਦੇ
ਤੀਰਾਂ ਨਾਲ ਵਿੰਨੇ ਮੂੰਹ ਵਾਲਾ
ਡੱਬ-ਖੜੱਬਾ ਕੁੱਤਾ ਬਹੁਤ ਕੌਤਕੀ ਹੈ
ਕਦੇ ਉਹ ਰੋਜ਼ੀ ਤਲਾਸ਼ਦੇ
ਕਾਮਿਆਂ ਨੂੰ ਚੱਕ ਮਾਰਦਾ ਹੈ
ਕਦੇ 'ਸੰਸਕ੍ਰਿਤੀ' ਦੀ ਪਲੀਤੀ ਤੇ ਸੁਰਜੀਤੀ
ਦਾ ਰਾਗ ਅਲਾਪਦਾ ਹੈ
ਮੁਹੱਬਤ ਦੇ ਸੁੱਚੇ ਰਿਸ਼ਤਿਆਂ ਲਈ
ਹੁਣ ਉਹ 'ਲਵ-ਜਿਹਾਦ' ਦਾ ਲਕਬ ਘੜਦਾ ਹੈ
ਤੇ 'ਘਰ ਵਾਪਸੀ' ਦੇ ਮਹਾਤਮ ਬਾਰੇ
ਤਾਂ ਤੂੰ ਕਈ ਕਿੱਸੇ ਆਪ ਸੁਣਾਉਂਦਾ ਸੀ

ਤੇ ਇਹ ਕਾਲਾ ਕੁੱਤਾ ਹੁਣ ਵਾਇਆ ਦਿੱਲੀ
ਕਿਤੇ ਵੀ ਜਾਣ ਲਈ ਬਹੁਤ ਕਾਹਲਾ ਹੈ
ਸੱਚ ਇਹ ਵੀ ਹੈ ਕਿ 'ਕਸ਼ਮੀਰ ਫਤਿਹ' ਤੋਂ ਬਾਅਦ
ਉਸਦਾ ਮੂੰਹ ਕੰਨਾਂ ਤੱਕ ਪਾਟਾ ਹੈ
ਦਬੋਲਕਰ ਅਤੇ ਕੁਲਬੁਰਗੀ ਦੀ ਹੱਤਿਆ ਤੋਂ ਬਾਅਦ
ਉਹਦੇ ਜਬਾੜੇ 'ਚ - ਫਤਵੇਂ ਨਾਲ ਸਹਿਮੇ
ਪ੍ਰੋ. ਮੁਰਗਨ ਦਾ ਦਿਲ ਦਿਮਾਗ ਹੈ
ਤੇ ਗਲ਼ ਪਏ ਪਟੇ 'ਚ
ਰੱਤ ਭਰਿਆ ਬਾਟਾ ਹੈ ।

ਆਪਣੇ ਆਪ ਤੋਂ ਕਿਤੇ ਕਾਹਲੇ
ਕਿਤੇ ਛੋਹਲੇ
ਮੇਰੇ ਯਾਰ

ਤੂੰ ਜੋ ਸ਼ਬਦਾਂ ਦੇ ਸੂਖਮ ਰੇਸ਼ਮ ਨਾਲ
ਜਖ਼ਮਾਂ ਤੇ ਫੇਹੇ ਧਰਨੇ ਸੀ
ਉਮੀਦਾ ਦੇ ਸੁੱਕਦੇ ਜਾ ਰਹੇ ਬਿਰਖਾ ਲਈ
ਹਰਿਆਵਲ ਦੇ ਸਾਵੇ ਬਿੰਬ ਘੜਦੇ ਸੀ
ਅੱਗ ਨਾਲ ਅੱਗ, ਲੋਹੇ ਨਾਲ ਲੋਹਾ ਹੋਣਾ ਸੀ
ਸਿੱਧਿਆ ਤੇ ਲਤਾੜਿਆ ਦਾ
ਧਿਰ ਬਣਨਾ ਸੀ
ਦੁੱਧ ਦਾ ਕਰਜ਼ ਲਾਹੁਣਾ ਸੀ

ਤੂੰ ਜੋ ਬੇਗਮਪੁਰੇ ਦੇ ਖ਼ਾਬ ਬੁਣਕੇ
ਅੱਖਰ ਅੱਖਰ ਹਰਫ਼ ਹਰਫ਼ ਹੋ ਕੇ
ਚਰਾਗਾਂ ਦੀ ਡਾਰ ਸਿਰਜਣੀ ਸੀ
ਜਾਗਦੇ ਸਿਰਾ ਦੀ ਕਤਾਰ ਸਿਰਜਣੀ ਸੀ
ਮਾਲਾ ਦੇ ਮਣਕੇ ਵਾਂਗ ਕਿਰ ਗਿਆ

ਤੂੰ ਆਪਣੇ ਖਿਲਾਫ ਬੁਣੇ
ਚੱਕਰਵਿਊ ਨੂੰ ਤਾਂ ਸ਼ਾਇਦ ਤੂੰ ਤੋੜ ਦਿੰਦਾ
ਪਰ ਧਰਮ ਅਤੇ ਰਾਜ ਦੇ
ਦੇਸ਼ ਭਗਤੀ ਬਨਾਮ ਦੇਸ਼ ਧਰੋਹ ਦੇ
ਗਲੇਫ 'ਚ ਲਪੇਟੇ
ਕੌਰਵਾਂ ਪਾਂਡਵਾਂ ਦੇ ਇਸ ਗੱਠ-ਜੋੜ ਨੂੰ ਤੋੜਨਾ
ਯਾਰਾ - ਤੇਰੇ ਲਈ ਬਿਲਕੁਲ ਟੇਡੀ ਖੀਰ ਸੀ
ਤੂੰ ਤੇਗ ਵਾਂਗ ਲਿਸ਼ਕਦਾ
ਦਰਿਆ ਵਾਂਗ ਸ਼ੂਕਦਾ
ਯੋਧਾ ਸੀ - ਵੀਰ ਸੀ
ਪਰ ਤੇਰੇ ਤਰਕਸ਼ 'ਚ ਇੱਕੋਂ ਤੀਰ ਸੀ ।

ਸੋਹਣਿਆ ਮਿੱਤਰਾ
ਇਹ ਸਮਾਂ ਹਸਥਨਾਪੁਰ ਦਾ ਨਹੀਂ ਸੀ
ਸੋ ਅਚਾਰੀਆ ਦਰੋਣ ਦੇ ਵਾਰਿਸਾਂ ਨੂੰ
ਵਜ਼ੀਫੇ ਦੇ ਇਵਜ਼ 'ਚ
ਤੇਰਾ ਅੰਗੂਠਾ ਨਹੀ
ਮਨੂੰ ਸਿਮਰਤੀ ਦੇ ਪਿਆਦਿਆਂ ਲਈ
ਤੇਰਾ ਸਿਰ ਚਾਹੀਦਾ ਸੀ
ਹੱਤਿਆ ਜਾਂ ਆਤਮ ਹੱਤਿਆ
ਤਾਂ ਇੱਕ ਮੌਕਾ ਮੇਲ
ਜਾਂ ਇੱਕ ਬਹਾਨਾ ਸੀ
ਤੂੰ ਤਾਂ ਆਪਣੇ ਵਤਨ 'ਚ ਹੀ ਬੇਵਤਨਾ ਸੀ
ਬੇਗਾਨਾ ਸੀ....

# ਸ੍ਰੀ ਨਨਕਾਣਾ ਸਾਹਿਬ

ਦੇਵ ਘੋਲੀਆ (ਫਰਿਜ਼ਨੋ)
559-232-7764



ਸੁਣ ਸੰਨ ਸੰਤਾਲੀ ਕਾਹਦਾ ਆਇਆ ਐਸੀ ਝੁੱਲੀ ਹਨੇਰੀ
ਮਿਲ ਜਾਵੇ ਨਨਕਾਣਾ ਸਾਹਿਬ ਸਾਨੂੰ ਲਈ ਵਾਹ ਬਥੇਰੀ
ਡਾਢੇ ਅੱਗੇ ਜੋਰ ਨਾ ਚੱਲਿਆ ਵਰਤ ਗਿਆ ਫਿਰ ਭਾਣਾ
ਮਾੜੀ ਕਿਸਮਤ ਸਾਡੀ ਤੇ ਸਾਥੋਂ ਖੁਸ ਗਿਆ ਨਨਕਾਣਾ..

ਦੂਰ ਨੇੜੇ ਦੀ ਗੱਲ ਕੋਈ ਨਾ ਪਰ ਹੱਦਾਂ 'ਤੇ ਗੱਲ ਰਹਿ ਗਈ
ਜਦੋਂ ਦੋਵੇਂ ਦੇਸ਼ਾਂ ਝੰਡੇ ਗੱਡ ਲਏ ਫਿਰ ਮੁਸੀਬਤ ਪੈ ਗਈ
ਵੱਸ ਰਹੀ ਨਾ ਗੱਲ ਸਾਡੇ ਹੁਣ ਪੈਗਿਆ ਵਕਤ ਲੰਘਾਣਾ
ਸਾਡੀ ਕਿਸਮਤ ਮਾੜੀ ਤੇ ਸਾਥੋਂ ....

ਨਾ ਸੋਚਣ ਨਾ ਸਮਝਣ ਇੱਥੇ ਕੁਝ ਨਾ ਕਰਨ ਸਰਕਾਰਾਂ
ਇੱਥੇ ਪਾਸਪੋਰਟ ਕਈ ਚੱਕੀ ਫਿਰਦੇ ਥਾਂ-ਥਾਂ ਸਿੰਘ ਹਜ਼ਾਰਾਂ
ਰਾਹਦਾਰੀ ਨਾ ਵੀਜਾ ਦੱਸ ਫਿਰ ਵੇਖਣ ਕੀਹਨੇ ਜਾਣਾ
ਮਾੜੀ ਕਿਸਮਤ ਸਾਡੀ ਤੇ ਸਾਥੋਂ .....

ਆ ਬਾਬਾ ਹੁਣ ਪਾ ਫੇਰਾ ਤੈਨੂੰ ਦੁਖੜੇ ਖੋਲ੍ਹ ਸੁਣਾਈਏ
ਚੱਕ ਦੇ ਆ ਕੇ ਹੱਦਾਂ ਤੇ ਸਾਰੇ ਮੱਥਾ ਟੇਕਣ ਜਾਈਏ
ਉਸੇ ਦਿਨ ਹੀ 'ਦੇਵ' ਨੇ ਪੰਜਾ ਸਾਹਿਬ ਦਾ ਟਿਕਟ ਕਟਾਣਾ
ਮਾੜੀ ਕਿਸਮਤ ਸਾਡੀ ਤੇ ਸਾਥੋਂ ਖੁਸ ਗਿਆ ਨਨਕਾਣਾ ...

# ਮੈਂ ਸੁੱਕੀ ਨਦੀ ਦਾ ਪਾਣੀ



ਮੈਂ ਸੁੱਕੀ ਨਦੀ ਦਾ ਪਾਣੀ ਹਾਂ।
ਬਣਿਆ ਖੁਸ਼ਕ ਦਿਲਾਂ ਦਾ ਹਾਣੀ ਹਾਂ।

ਮੇਰੇ ਚਾਵਾਂ ਦੀ ਬੁਝੀ ਪਿਆਸ ਨਹੀਂ,
ਹਰ ਪਲ ਕਿਸਮਤ ਦੀ ਗੰਢਦਾ ਤਾਣੀ ਹਾਂ।

ਕਿਸੇ ਹੱਸਦੇ ਨੂੰ ਤੱਕ ਮੈਂ ਵੀ ਹੱਸ ਲੈਨਾ,
ਨਹੀਂ ਤਾਂ ਰੋਂਦੇ ਦੇ ਹੰਝੂਆਂ ਦਾ ਪਾਣੀ ਹਾਂ।

ਜਿਸ ਨੂੰ ਵੀ ਬਣਾਇਆ ਮੈਂ ਆਪਣਾ,
ਉਸਦੀ ਹੀ ਕੀਤੀ ਵੰਡ ਕਾਣੀ ਹਾਂ।

ਕੋਈ ਬੁੱਝੇ ਨਾ ਬੁਝਾਰਤ ਟੁੱਟੇ ਦਿਲ ਦੀ,
ਅਜ਼ਲਾਂ ਤੋਂ ਅਣਗੌਲੀ ਹੋਈ ਕਹਾਣੀ ਹਾਂ।

ਜਿਸ ਨੂੰ ਵੀ ਦੇਖੋ, ਲਗਦੈ ਬੇਚੈਨ ਜਿਹਾ,
ਨਾਲੇ ਨਕਲੀ ਸ਼ੋਹਰਤ ਦੀ ਵੇਂਦਾ ਢਾਣੀ ਹਾਂ।

ਬੇਸ਼ੱਕ ਸੂਰਜ ਵੀ ਚੜ੍ਹਦਾ ਨਿੱਤ ਸੋਹਣਾ,
ਪਰ ਡੁੱਬਦੇ ਦੀ ਸੁਣਦਾ ਕਹਾਣੀ ਹਾਂ।

ਕੋਸ਼ਿਸ਼ ਤਾਂ ਕਰਦਾ ਮਹਿਕਣ ਦੀ 'ਕਮਲ'
ਅਜੇ ਮੁਰਝਾਏ ਦੀ ਆਸ ਨਿਮਾਣੀ ਹਾਂ।

-ਕਮਲ ਬੰਗਾ ਸੈਕਰਾਮੈਂਟੋ
916-897-8570

# ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਅਤੇ ਪ੍ਰੋ: ਜਸਵੰਤ ਸਿੰਘ ਗੰਡਮ ਨੂੰ ਸਾਲ 2016 ਦਾ ਪੁਰਸਕਾਰ

**ਫਗਵਾੜਾ :-** ਪੰਜਾਬੀ ਵਿਰਸਾ ਟਰੱਸਟ (ਰਜ਼ਿ) ਵਲੋਂ ਕਰਵਾਏ ਗਏ ਮਾਣ ਮੱਤਾ ਪੱਤਰਕਾਰ ਪੁਰਸਕਾਰ ਸਮਾਗਮ ਦੌਰਾਨ ਬੋਲਦਿਆਂ ਹਲਕਾ ਵਿਧਾਇਕਾ ਸ਼੍ਰੀ ਸੋਮ ਪ੍ਰਕਾਸ਼ ਨੇ ਕਿਹਾ ਕਿ ਮੌਜੂਦਾ ਸਮੇਂ ਪੱਤਰਕਾਰੀ ਕਰਨਾ ਜੋਖ਼ਮ ਦਾ ਕੰਮ ਹੈ ਅਤੇ ਤਦ ਵੀ ਪੱਤਰਕਾਰਾਂ ਨੂੰ ਆਪਣੀ ਜ਼ੁੰਮੇਵਾਰੀ ਨਿਭਾਉਣ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ। ਇਸ ਸਮਾਗਮ ਦੌਰਾਨ ਅੰਤਰ-ਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਅਤੇ ਉੱਘੇ ਪੱਤਰਕਾਰ ਪ੍ਰੋ: ਜਸਵੰਤ ਸਿੰਘ ਗੰਡਮ ਨੂੰ ਸਾਲ 2016 ਦਾ ਪੁਰਸਕਾਰ ਪ੍ਰਦਾਨ ਕੀਤਾ ਗਿਆ । ਇਸ ਸਮੇਂ ਬੋਲਦਿਆਂ ਚੇਅਰਮੈਨ ਕੁਲਦੀਪ ਸਰਦਾਨਾ ਨੇ ਜਿਥੇ ਪੰਜਾਬੀਆਂ ਨੂੰ ਪੰਜਾਬੀ ਬੋਲੋ, ਪੰਜਾਬੀ ਪੜ੍ਹੋ, ਪੰਜਾਬੀ ਲਿਖੋ ਦਾ ਸੰਦੇਸ਼ ਦਿਤਾ, ਉਥੇ ਪੱਤਰਕਾਰਾਂ ਨੂੰ ਲੋਕਾਂ ਦਾ ਦਰਦ, ਸਮੱਸਿਆਵਾਂ ਸਮਝਣ ਅਤੇ ਉਨ੍ਹਾਂ ਦਾ ਉਲੇਖ ਕਰਨ ਲਈ ਕਿਹਾ। ਇਸ ਸਮਾਗਮ ਦੌਰਾਨ ਪ੍ਰੋ: ਜਸਵੰਤ ਸਿੰਘ ਗੰਡਮ, ਨਰਪਾਲ ਸਿੰਘ ਸ਼ੇਰਗਿੱਲ, ਟੀ.ਡੀ ਚਾਵਲਾ, ਰਵਿੰਦਰ ਸਿੰਘ ਚੋਟ, ਸਮਾਗਮ ਦੇ ਪ੍ਰਬੰਧਕ ਗੁਰਮੀਤ ਸਿੰਘ ਪਲਾਹੀ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਪੁਰਸਕਾਰਤ ਸ਼ਖਸੀਅਤਾਂ ਦੇ ਮਾਣ ਵਿੱਚ ਸ਼ਬਦ ਕਹੇ। ਇਸ ਸਮੇਂ ਯੂ.ਐਸ.ਏ ਤੋਂ ਪੁੱਜੇ ਪੱਤਰਕਾਰ ਅਸ਼ੋਕ ਭੌਰਾ ਦਾ ਵੀ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਟਰੱਸਟ ਵਲੋਂ ਆਪਣੇ ਮਾਸਿਕ ਪੱਤਰ ਧਰਤੀ ਦਾ ਸੂਰਜ ਦਾ 92ਵਾਂ ਅੰਕ ਰਲੀਜ ਕੀਤਾ ਗਿਆ। ਸਮਾਗਮ ਵਿੱਚ ਐਡਵੋਕੇਟ ਐਮ.ਐਲ.ਵਿਰਦੀ, ਐਡਵੋਕੇਟ ਐਸ.ਐਨ. ਚੋਪੜਾ, ਉਦਯੋਗਪਤੀ ਅਸ਼ਵਨੀ ਕੋਹਲੀ, ਸੁਖਵਿੰਦਰ ਸਿੰਘ, ਮਲਕੀਤ ਸਿੰਘ ਰਘਬੋਤਰਾ, ਗੁਰਪਾਲ ਸਿੰਘ ਸਰਪੰਚ, ਚਰਨਜੀਤ ਕੌਰ ਸਾਬਕਾ ਸਰਪੰਚ, ਬੱਲੂ ਵਾਲੀਆ, ਲਸ਼ਕਰ ਢੰਡਵਾਲਵੀ, ਪ੍ਰਭਾਤ ਕੁਮਾਰ ਸੂਫੀ, ਮਨੋਜ ਫਗਵਾੜਵੀ ਤੋਂ ਇਲਾਵਾ ਵੱਡੀ ਗਿਣਤੀ'ਚ ਸ਼ਹਿਰ ਨਿਵਾਸੀ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ। **-ਰਿਪੋਰਟ. ਗੁਰਮੀਤ ਪਲਾਹੀ**




# ਇਤਿਹਾਸਕ ਗੁਰਦੁਆਰਾ ਦਮਦਮਾ ਸਾਹਿਬ ਰਕਬਾ (ਲੁਧਿਆਣਾ)



ਤਸਵਿੰਦਰ ਸਿੰਘ ਬੜੈਚ
91-98763-22677

ਗੁਰਦੁਆਰਾ ਦਮਦਮਾ ਸਾਹਿਬ ਪਿੰਡ ਰਕਬਾ ਲੁਧਿਆਣਾ ਤੋਂ ਜਗਰਾਓ ਨੂੰ ਜਾਂਦਿਆ ਜਰਨੈਲੀ ਸੜਕ ਉੱਤੇ ਮੁੱਲਾਂਪੁਰ ਦਾਖਾ ਤੋਂ ਚਾਰ ਕੁ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਇਤਿਹਾਸਕ ਅਸਥਾਨ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਹੈ ਜਿੱਥੇ ਉਨ੍ਹਾਂ ਨੇ ਆਪਣੇ ਚਰਨ ਪਾ ਕੇ ਇਸ ਧਰਤੀ ਨੂੰ ਪਵਿੱਤਰ ਕੀਤਾ। ਭਾਈ ਕੀ ਡਰੌਲੀ ਜਿਥੇ ਕਿ ਉਨ੍ਹਾਂ ਦੇ ਸਾਢੂ ਸਾਈਂ ਦਾਸ ਜੀ ਨੇ ਨਵਾਂ ਮਕਾਨ ਬਣਾਇਆ ਸੀ ਅਤੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਆਪ ਜੀ ਪਰਿਵਾਰ ਸਮੇਤ ਪਹਿਲਾਂ ਇਸ ਮਕਾਨ ਵਿਚ ਆਪਣੇ ਪਵਿੱਤਰ ਚਰਨ ਪਾਓ ਫਿਰ ਅਸੀਂ ਵਸੋਂ ਕਰਾਂਗੇ। ਦੂਸਰੇ ਪਾਸੇ ਨਾਨਕ ਮੱਤਾ ਅਸਥਾਨ 'ਤੇ ਧਰਮ -ਅਵਿਧੂਤ (ਬ੍ਰਹਮ ਗਿਆਨੀ) ਸੰਤ ਅਲਮਸਤ ਜੀ, ਜੋ ਕਿ ਉਸ ਅਸਥਾਨ ਦੀ ਸੇਵਾ-ਸੰਭਾਲ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਸ਼ਾਨੀ ਰੂਪ ਪਿੱਪਲ ਦੇ ਦਰੱਖਤ ਨੂੰ ਵੀ ਉਨ੍ਹਾਂ ਨੇ ਅੱਗ ਲਗਾ ਕੇ ਸਾੜ ਦਿੱਤਾ। ਇਹ ਦੇਖ ਦੇ ਹੋਏ ਸੰਤ ਅਲਮਸਤ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਧਿਆਨ ਧਰ ਕੇ ਅਰਦਾਸ ਕੀਤੀ ਕਿ 'ਆਪ ਜਿਥੇ ਵੀ ਸੁਭਾਇਮਾਨ ਹੋ, ਕ੍ਰਿਪਾ ਕਰਕੇ ਆ ਕੇ ਮੇਰੀ ਸਹਾਇਤਾ ਕਰੋ।' ਸੰਤ ਅਲਮਸਤ ਜੀ ਦੀ ਅਰਦਾਸ ਕਰਨ 'ਤੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਪਰਿਵਾਰ ਨੂੰ ਮਾਤਾ ਗੰਗਾ ਜੀ ਸਮੇਤ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਡਰੌਲੀ ਨੂੰ ਤੌਰ ਦਿੱਤਾ ਅਤੇ ਕਿਹਾ ਕਿ ਅਸੀਂ ਨਾਨਕ-ਮੱਤਾਂ ਤੋਂ ਵਾਪਸੀ ਤੇ ਡਰੌਲੀ ਪਹੁੰਚਾਂਗੇ। ਆਪ 500 ਘੋੜ ਸਵਾਰਾਂ ਦਾ ਜੱਥਾ ਲੈ ਕੇ ਨਾਨਕ-ਮੱਤੇ ਨੂੰ ਚਾਲੇ ਪਾਊਂਦੇ ਗਏ। ਉਥੇ ਪਿੱਪਲ 'ਤੇ ਕੇਸਰ ਵਾਲੇ ਅੰਮ੍ਰਿਤ-ਜਲ ਦਾ ਛਿੱਟਾ ਦੇ ਕੇ ਸੁਰਜੀਤ (ਹਰਾ-ਭਰਾ) ਕੀਤਾ। ਯੋਗੀਆਂ ਨੂੰ ਸੋਧ ਕੇ ਅਤੇ ਅਲਮਸਤ ਜੀ ਨੂੰ ਨਿਹਾਲ ਕਰਕੇ ਵਾਪਸੀ 'ਤੇ ਜੰਗਲਾਂ ਨੂੰ ਮੰਗਲ ਲਾਉਂਦੇ ਹੋਏ ਅਥਾਲੀ, ਦਾਖੇ ਨਗਰਾਂ ਕੋਲ ਦੀ ਹੁੰਦੇ ਹੋਏ ਭਾਂਦੋ ਸੁਦੀ 5 ਸੰਮਤ 1689 ਬਿਕਰਮੀ (ਪੰਡਿਤ ਕਰਤਾਰ ਸਿੰਘ ਦਾਖਾ ਦੀ ਖੋਜ ਮੁਤਾਬਿਕ) ਇਸ ਅਸਥਾਨ ਤੇ ਪਹੁੰਚੇ। ਦਾਖੇ ਨਗਰ ਦੀਆਂ ਦੋ ਮਾਈਆਂ (ਨਰੈਣਾਂ ਜੱਟ ਅਤੇ ਰਲੇ ਲੁਹਾਰ ਦੇ ਘਰੋ) ਦੁੱਧ ਅਤੇ ਪ੍ਰਸ਼ਾਦੇ ਲੈ ਕੇ ਗੁਰੂ ਜੀ ਦੇ ਪਿੱਛੇ-ਪਿੱਛੇ ਤੁਰੀਆਂ। ਦਾਖਿਆਂ ਤੋਂ 4 ਕੁ ਕਿਲੋਮੀਟਰ ਪੱਛਮ, ਗੁਰਦੁਆਰਾ ਦਮਦਮਾ ਸਾਹਿਬ ਤੋਂ 500 ਮੀਟਰ ਪੂਰਬ ਜੁਗਿਆਣਾ ਦੇ ਅਸਥਾਨ ਤੇ ਆ ਕੇ ਗੁਰੂ ਜੀ ਨੂੰ ਮਿਲੀਆਂ ਅਤੇ ਦੁੱਧ ਅਤੇ ਪ੍ਰਸ਼ਾਦੇ ਛਕਣ ਲਈ ਬੇਨਤੀ ਕੀਤੀ ਤਾਂ ਮਹਾਰਾਜ ਜੀ ਨੇ ਕਿਹਾ ਕਿ ਅੱਗੇ ਚੱਲ ਕੇ ਰੁਕਦੇ ਹਾਂ ਅਤੇ ਇਸ ਅਸਥਾਨ ਤੇ ਆ ਕੇ ਰੁਕੇ, ਦੁੱਧ ਅਤੇ ਪ੍ਰਸ਼ਾਦੇ ਛਕੇ। ਗੁਰੂ ਜੀ ਨੇ ਵਰ ਮੰਗਣ ਲਈ ਕਿਹਾ ਤਾਂ ਦੋਹਾਂ ਮਾਈਆਂ ਨੇ ਪਰਿਵਾਰ ਲਈ ਸਿੱਖੀ-ਸੇਵਾ ਦੀ ਮੰਗ ਕੀਤੀ ਜੋ ਕਿ ਅੱਜ ਤੱਕ ਕਾਇਮ ਹੈ ਅਤੇ ਗੁਰੂ ਜੀ ਨੇ ਬਚਨ ਕੀਤਾ ਕਿ ਜੋ ਵੀ ਮਾਈ-ਭਾਈ ਸਰਧਾ ਕਰਕੇ ਇਸ ਅਸਥਾਨ 'ਤੇ ਆਉਣਗੇ ਉਨ੍ਹਾਂ ਦੀਆਂ ਮਨ ਦੀਆਂ ਮੁਰਾਦਾਂ ਪੂਰੀਆਂ ਹੋਣਗੀਆਂ। ਜਿਸ ਅਸਥਾਨ 'ਤੇ ਗੁਰੂ ਜੀ ਰੁਕੇ ਸਨ, ਉਸ ਅਸਥਾਨ 'ਤੇ ਗੁਰਦੁਆਰਾ ਦਮਦਮਾ ਸਾਹਿਬ ਸੁਸੋਭਿਤ ਹੈ, ਜਿਥੇ ਹਰ ਸਾਲ ਬਾਬਾ ਕਰਮ ਸਿੰਘ ਜੀ ਦੀ ਬਰਸੀ 1,2,3 ਜਨਵਰੀ ਅਤੇ ਬਾਬਾ ਲਹਿਣਾ ਸਿੰਘ ਦੀ ਬਰਸੀ 20, 21,22 ਸਤੰਬਰ ਨੂੰ ਮਨਾਈ ਜਾਂਦੀ ਹੈ। ਇਥੇ ਹਰ ਸੰਗਰਾਂਦ ਵਾਲੇ ਦਿਨ ਭਾਰੀ ਜੋੜ ਮੇਲਾ ਵੀ ਲੱਗਦਾ ਹੈ ਅਤੇ ਅੰਮ੍ਰਿਤ ਸੰਚਾਰ ਵੀ ਕਰਵਾਇਆ ਜਾਂਦਾ ਹੈ।



# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਯੂਬਾ ਸਿਟੀ ਦੇ 37ਵੇਂ ਮਹਾਨ ਨਗਰ ਕੀਰਤਨ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ















ਯੂਬਾ ਸਿਟੀ ਦੇ 37ਵੇਂ ਨਗਰ ਕੀਰਤਨ ਮੌਕੇ ਤੇਜਿੰਦਰ ਸਿੰਘ ਦੁਸਾਂਝ ਹੋਰ ਸਹਿਯੋਗੀ ਸੱਜਣਾਂ ਨਾਲ

## ਤੇਜਿੰਦਰ ਸਿੰਘ ਦੁਸਾਂਝ

### ਸਾਬਕਾ ਮੁੱਖ ਸੇਵਾਦਾਰ

# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਯੂਬਾ ਸਿਟੀ ਦੇ 37ਵੇਂ ਮਹਾਨ ਨਗਰ ਕੀਰਤਨ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ














ਸ. ਹਰਦਿਆਲ ਸਿੰਘ ਜੀ

ਯੂਬਾ ਸਿਟੀ ਦੇ 37ਵੇਂ ਮਹਾਨ ਨਗਰ ਕੀਰਤਨ ਦੌਰਾਨ ਦੁਨੀਆਂ ਭਰ ਵਿਚ ਪ੍ਰਸਿੱਧ ਕਬੱਡੀ ਪ੍ਰਮੋਟਰ ਅਤੇ ਨੌਜਵਾਨ ਸਿੱਖ ਆਗੂ ਸ. ਜੌਹਨ ਸਿੰਘ ਗਿੱਲ, ਉਘੇ ਸਕਾਲਰ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਦੇ ਪਿਤਾ ਸ. ਹਰਦਿਆਲ ਸਿੰਘ ਜੀ ਅਤੇ ਹੋਰ ਸੰਗਤ ਦੇ ਨਾਲ

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,
ਜਿਹਨਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ

# Shaheed Kartar Singh Sarabha Martyrdom Memorial Ceremony

# ਸ਼ਹੀਦ ਕਰਤਾਰ ਸਿੰਘ ਸਰਾਭਾ

## ਸ਼ਹੀਦੀ ਯਾਦਗਾਰੀ ਸਮਾਗਮ

### ਮਿਤੀ 12 ਨਵੰਬਰ 2016 ਦਿਨ ਸ਼ਨਿੱਚਰਵਾਰ ਨੂੰ

ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ
ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਕੈਲੇਫੋਰਨੀਆਂ ਸੈਕਰਾਮੈਂਟੋ
ਇੰਡੋ ਅਮੈਰਿਕਨ ਦੇਸ਼ ਭਗਤ ਫਾਊਂਡੇਸ਼ਨ ਬੇ ਏਰੀਆ

ਵਲੋਂ ਗਦਰ ਪਾਰਟੀ ਦੇ ਮੁੱਢਲੇ ਦਫਤਰ 5 Wood Street, San Francisco
ਵਿਖੇ ਦੁਪਿਹਰ 12 ਵਜੇ ਤੋਂ 4 ਵਜੇ ਤੱਕ ਸਮੂਹ ਸਾਥੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ



## ਸਮੂਹ ਭਾਰਤੀ ਭਾਈਚਾਰੇ ਨੂੰ ਇਸ ਸਮਾਗਮ ਵਿਚ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ

### ਹੋਰ ਜਾਣਕਾਰੀ ਲਈ ਸੰਪਰਕ

ਸੁਰਿੰਦਰ ਸਿੰਘ ਮੰਢਾਲੀ 559-473-9269, ਨਵਦੀਪ ਸਿੰਘ ਧਾਲੀਵਾਲ 559-287-0822,
ਬਲਵੀਰ ਸਿੰਘ ਜੌਹਲ 408-592-4044, ਪੰਕਜ ਆਂਸਲ 408-515-3178,
ਕੁਲਦੀਪ ਸਿੰਘ ਅਟਵਾਲ 209-725-1313